
Postal No. - Jallandhar Vide No. L-4/PB/0196/Lobana Sewak/0196/2022-2023
Regd No. 32212/78

# ਲੁਬਾਣਾ ਸੇਵਕ

ਜੁਲਾਈ 2023 ਕੁੱਲ ਪੰਨੇ : 44 ਮਾਸਿਕ ਮੁੱਲ : 25/-

## ਅਦਾਰਾ 'ਲੁਬਾਣਾ ਸੇਵਕ' ਵੱਲੋਂ ਭਾਈ ਤਾਰੂ ਸਿੰਘ ਜੀ ਦੀ ਸ਼ਹਾਦਤ ਨੂੰ ਕੋਟਿਨ-ਕੋਟਿ ਪ੍ਰਣਾਮ !



ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.), ਸੈਕਟਰ 30-ਏ, ਚੰਡੀਗੜ੍ਹ

ਸੰਪਾਦਕੀ...

# ਸ਼ਹੀਦ ਭਾਈ ਤਾਰੂ ਸਿੰਘ ਜੀ



ਪੰਜਾਬ ਵਿਚ ਉਤਪੰਨ ਹੋਇਆ ਸ਼ਹੀਦੀ ਸਿਧਾਂਤ ਗੁਰ-ਮਰਿਆਦਾ ਅਨੁਸਾਰ ਇਤਿਹਾਸਕ ਬਿਰਤਾਂਤ ਦਾ ਸਰੂਪ ਧਾਰਨ ਕਰਦਾ ਰਿਹਾ। ਇਸ ਦੀ ਸ਼ੁਰੂਆਤ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਲਾਹੌਰ ਵਿਖੇ ਸ਼ਹਾਦਤ ਨਾਲ ਹੋਈ। 1675 ਈ. ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਧਰਮ ਦੀ ਰੱਖਿਆ ਲਈ ਸੀਸ ਗਿਆ ਪਰ ਸਿਰੜ ਕਾਇਮ ਰਿਹਾ। ਇਸ ਤੋਂ ਬਾਅਦ ਸਾਹਿਬ-ਏ-ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਹੀ ਧਰਮ ਦੀ ਰੱਖਿਆ ਲਈ ਸ਼ਹੀਦ ਕਰਵਾ ਦਿੱਤਾ। ਸਿੱਖ ਧਰਮ ਵਿਚ 'ਸ਼ਹੀਦੀ ਸਿਧਾਂਤ' ਵੱਖੋ-ਵੱਖ ਸੰਕਲਪਾਂ ਦੇ ਸੁਮੇਲ ਤੋਂ ਉਘੜਿਆ ਹੈ। ਇਸ ਦਾ ਵਿਸ਼ਲੇਸ਼ਣ ਕਰਨਾ ਬਹੁਤ ਕਠਿਨ ਹੈ ਪਰ ਇਸ ਦੇ ਮੋਟੇ-ਮੋਟੇ ਚਿੰਨ੍ਹ ਚੱਕਰ ਉਘੇੜੇ ਜਾ ਸਕਦੇ ਹਨ। ਸ਼ਹੀਦ ਆਤਮ-ਵਿਸ਼ਵਾਸੀ ਹੁੰਦਾ ਹੈ ਤੇ ਗੁਰੂ ਦੀ ਰਜ਼ਾ ਵਿਚ ਲੀਨ, ਸ਼ਾਂਤ ਤੇ ਅਡੋਲ ਰਹਿੰਦਾ ਹੈ।

18ਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਸਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਦਾ ਜਨਮ 1720 ਈ. ਨੂੰ ਪਿਤਾ ਭਾਈ ਜੋਧ ਸਿੰਘ ਜੀ ਦੇ ਗ੍ਰਹਿ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਜੋਧ ਸਿੰਘ ਜੀ ਵੀ ਮੁਗਲਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਆਪਣੀ ਮਾਤਾ ਜੀ ਅਤੇ ਭੈਣ ਬੀਬੀ ਤਾਰੋ ਜੀ ਨਾਲ ਪਿੰਡ ਵਿਚ ਰਹਿੰਦੇ ਸੀ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਦਾ ਗੁਰੂ ਸਾਹਿਬ 'ਤੇ ਬਹੁਤ ਵਿਸ਼ਵਾਸ਼ ਸੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਸਾਹਿਬ ਜੀ ਦੀ ਬਾਣੀ ਦੀ ਹੀ ਦਿੱਤੀ। ਉਹ ਰੋਜ਼ ਗੁਰਬਾਣੀ ਦਾ ਪਾਠ ਕਰਦੇ ਅਤੇ ਲੋੜਵੰਦਾਂ ਦੀ ਮੱਦਦ ਕਰਦੇ। ਭਾਈ ਤਾਰੂ ਸਿੰਘ ਜੀ ਦਾ ਮੁੱਖ ਧੰਦਾ ਖੇਤੀਬਾੜੀ ਸੀ, ਜਿਨ੍ਹਾਂ ਨਾਲ ਉਨ੍ਹਾਂ ਦੇ ਪਰਿਵਾਰ ਦਾ ਨਿਰਬਾਹ ਹੁੰਦਾ। ਪਿੰਡ ਵਿਚ ਭਾਈ ਸਾਹਿਬ ਸਤਿਕਾਰਤ ਵਿਅਕਤੀਆਂ ਵਿਚੋਂ ਇੱਕ ਸਨ। ਸਿੱਖ ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਨ ਅਤੇ ਉਥੇ ਹੀ ਜਥੇਬੰਦ ਹੋ ਕੇ ਮੌਕੇ ਅਨੁਸਾਰ ਹਕੂਮਤ ਨਾਲ ਟੱਕਰ ਲੈਂਦੇ ਸਨ। ਅਲੱਗ-ਅਲੱਗ ਪਿੰਡਾਂ ਦੇ ਲੋਕ ਸਿੱਖਾਂ ਦੀ ਕੱਪੜੇ ਅਤੇ ਲੰਗਰ ਆਦਿ ਨਾਲ ਮੱਦਦ ਕਰਦੇ। ਭਾਈ ਤਾਰੂ ਸਿੰਘ ਜੀ ਵੀ ਉਨ੍ਹਾਂ ਵਿਚੋਂ ਇੱਕ ਸਨ। ਉਹ ਵੀ ਬੜੇ ਪਿਆਰ ਨਾਲ ਲੰਗਰ ਤਿਆਰ ਕਰਕੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਭਿਜਵਾਉਂਦੇ। 1726 ਈ. ਵਿਚ ਜ਼ਕਰੀਆ ਖਾਨ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ। ਉਹ ਸਿੱਖਾਂ ਦਾ ਕੱਟੜ ਵਿਰੋਧੀ ਸੀ। ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਉਸ ਨੇ ਸਿੱਖਾਂ ਨੂੰ ਜਿਉਂਦਾ ਜਾਂ ਮੁਰਦਾ ਫੜ ਕੇ ਲਿਆਉਣ ਲਈ ਇਨਾਮਾਂ ਦਾ ਐਲਾਨ ਕੀਤਾ ਅਤੇ ਸਿੱਖਾਂ ਨੂੰ ਫੜਨ ਲਈ ਕਈ ਮੁਖਬਰ ਤਾਇਨਾਤ ਕੀਤੇ ਜਿਨ੍ਹਾਂ ਵਿਚੋਂ ਇਕ ਹਰਭਗਤ ਨਿਰੰਜਨੀਆ ਸੀ। ਜਦੋਂ ਹਰਭਗਤ ਨਿਰੰਜਨੀਏ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ ਅਤੇ ਜੰਗਲਾਂ ਵਿਚ ਲੁਕੇ ਸਿੱਖਾਂ ਦੀ ਮੱਦਦ ਕਰਦਾ ਹੈ ਤਾਂ ਉਸ ਨੇ ਜ਼ਕਰੀਆ ਖਾਨ ਪਾਸ ਮੁਖਬਰੀ ਕੀਤੀ। ਜ਼ਕਰੀਆ ਖਾਨ ਦੇ ਹੁਕਮ ਨਾਲ ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ ਤੇ ਕਈ ਅਸਹਿ ਦੁੱਖ ਦਿੱਤੇ ਪਰ ਜਿਵੇਂ-ਜਿਵੇਂ ਉਨ੍ਹਾਂ ਨੂੰ ਸਤਾਇਆ ਗਿਆ ਜਿਵੇਂ-ਤਿਵੇਂ ਉਹ ਹੋਰ ਸਿਦਕੀ ਹੁੰਦੇ ਗਏ।

ਜ਼ਕਰੀਆ ਖਾਨ ਨੇ ਭਾਈ ਸਾਹਿਬ 'ਤੇ ਬਾਗੀਆਂ ਨੂੰ ਸ਼ਰਨ ਦੇਣ, ਜ਼ਰੂਰੀ ਚੀਜ਼ਾਂ ਪਹੁੰਚਾਉਣ ਆਦਿ ਦੇ ਦੋਸ਼ ਲਗਾਏ। ਉਸ ਨੇ ਭਾਈ ਸਾਹਿਬ ਨੂੰ ਕਿਹਾ ਕਿ ਜੇ ਤੂੰ ਮੁਸਲਮਾਨ ਬਣ ਜਾਵੇ ਤਾਂ ਤੇਰੀ ਜਾਨ ਬਖ਼ਸ਼ ਦਿੱਤੀ ਜਾਵੇਗੀ ਅਤੇ ਤੈਨੂੰ ਕਈ ਤਰ੍ਹਾਂ ਦੀਆਂ ਜਾਗੀਰਾਂ ਦਿੱਤੀਆਂ ਜਾਣਗੀਆਂ। ਭਾਈ ਤਾਰੂ ਸਿੰਘ ਜੀ ਨੇ ਜ਼ਕਰੀਆ ਖਾਨ ਦੀ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਕਾਜ਼ੀ ਕੋਲੋਂ ਦਰਬਾਰ ਵਿਚ ਫਤਵਾ ਜਾਰੀ ਕਰਵਾਇਆ ਕਿ ਭਾਈ ਸਾਹਿਬ ਜੀ ਦੇ ਕੇਸ ਕਤਲ ਕਰ ਦਿੱਤੇ ਜਾਣ। ਸਿੱਖੀ ਸਰੂਪ ਵਿਚ ਕੇਸਾਂ ਦੀ ਬੜੀ ਮਹੱਤਤਾ ਤੇ ਮਹਾਨਤਾ ਹੈ। ਇਹੋ ਕਾਰਨ ਸੀ ਕਿ ਸਿੱਖ ਕੇਸਾਂ ਦੀ ਬੇਅਦਬੀ ਕਰਨ ਨਾਲੋਂ ਆਪਣੀ ਸ਼ਹਾਦਤ ਦੇਣਾ ਜ਼ਿਆਦਾ ਪਸੰਦ ਕਰਦੇ ਸਨ। ਭਾਈ ਸਾਹਿਬ ਨੇ ਕੇਸ ਕਤਲ ਕਰਨ ਦਾ ਡੱਟ ਕੇ ਵਿਰੋਧ ਕੀਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਹੁਕਮ ਕੀਤਾ ਕਿ ਭਾਈ ਸਾਹਿਬ ਦੇ ਕੇਸ ਸਣੇ ਖੋਪਰੀ ਲਾਹ ਦਿੱਤੇ ਜਾਣ। ਜ਼ਾਲਮਾਂ ਨੇ ਭਾਈ ਸਾਹਿਬ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤੀ। ਪਰ ਭਾਈ ਸਾਹਿਬ ਨੇ ਮੁੱਖ ਤੋਂ ਸੀ ਨਹੀਂ ਕੀਤੀ ਅਤੇ ਉਹ ਗੁਰਬਾਣੀ ਦਾ ਜਾਪ ਕਰਦੇ ਰਹੇ। ਤੀਜੇ ਦਿਨ ਨਵਾਬ ਉਥੋਂ ਦੀ ਲੰਘਿਆ ਤਾਂ ਬਾਣੀ ਦੀ ਆਵਾਜ਼ ਸੁਣ ਕੇ ਬੋਲਿਆ ਓਇ ਸਿੱਖਾ ਤੂੰ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਲਈ ਨਹੀਂ ਮਰਿਆ। ਅੱਠਵੇਂ ਦਿਨ ਨਵਾਬ ਦਾ ਪੁੱਤਰ ਅਹੀਆ ਖਾਂ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਉੱਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਹੁੰਦਾ ਮਰ ਗਿਆ। ਪੰਦਰ੍ਹਾਂ ਦਿਨਾਂ ਬਾਅਦ ਨਵਾਬ ਨੂੰ ਵੀ ਪਿਸ਼ਾਬ ਦਾ ਬੰਨ੍ਹ ਪੈ ਗਿਆ ਤਾਂ ਬੜੇ-ਬੜੇ ਹਕੀਮ, ਵੈਦ ਆਦਿ ਸੱਦੇ ਗਏ ਪਰ ਕੋਈ ਵਾਹ ਪੇਸ਼ ਨਾ ਗਈ। ਸਰਦਾਰ ਸੁਬੇਗ ਸਿੰਘ ਜੀ ਨੂੰ ਬੁਲਾਇਆ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ 'ਤੇ ਲੱਗੇ ਤਾਂ ਪਿਸ਼ਾਬ ਆ ਸਕਦਾ ਹੈ। ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਆਏ। ਜਿਵੇਂ-ਜਿਵੇਂ ਜੁੱਤੀ ਸਿਰ ਵਿਚ ਵੱਜਦੀ ਗਈ ਤਿਵੇਂ-ਤਿਵੇਂ ਨਵਾਬ ਦੇ ਪਿਸ਼ਾਬ ਦਾ ਬੰਨ੍ਹ ਟੁੱਟਦਾ ਗਿਆ। ਇਸ ਤਰ੍ਹਾਂ ਨਵਾਬ ਜੁੱਤੀਆਂ ਦੀ ਮਾਰ ਖਾਂਦਾ-ਖਾਂਦਾ ਮਰ ਗਿਆ। ਭਾਈ ਸਾਹਿਬ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ 22 ਦਿਨ ਜ਼ਿੰਦਾ ਰਹੇ ਅਤੇ ਬਾਣੀ ਦਾ ਜਾਪ ਕਰਦੇ ਰਹੇ। ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਅਖੀਰ ਭਾਈ ਤਾਰੂ ਸਿੰਘ ਜੀ 1745 ਈ. ਨੂੰ ਸ਼ਹੀਦੀ ਪਾ ਗਏ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ। ਸਿੱਖੀ ਨੂੰ ਕੇਸਾਂ, ਸੁਆਸਾਂ ਸੰਗ ਕਾਇਮ ਰੱਖਣਾ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

**ਹਰਭਜਨ ਸਿੰਘ**

**ਪ੍ਰਧਾਨ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ**

# ਲੁਬਾਣਾ ਸੇਵਕ

ਬਾਨੀ ਸੰਪਾਦਕ
ਸਵ. ਮੇਜਰ ਸ਼ਰਮ ਸਿੰਘ
ਜ਼ਹੂਰਾ



**Chief Editor**
**Er. Harbhajan Singh**
**Dy. C.E. (Retd.) President**
**M.: 98140-62091**

**Addl. Chief Editor**
**Er. Parminderjit Singh**
**M.: 99153-57524**

**Editor**
**Er. Bhagwan Singh Lubana**
**Dy C.E. (Retd.)**
**E-mail:bslubana187@gmail.com**
**M.: 98155-40240**

**Co-Editor**
**S. Surinder Singh Ruby ETO (Retd.)**
**M.: 98141-28181**

**Advisors**

1. S. Naginderjit Singh (Legal Advisor)
   Session Judge (Retd.),
   M.: 98159-02643
2. S. Narinder Singh, PES (Retd.)
   M.: 98555-34236
3. S. Mohinder Singh, DSP (Retd.)
   M.: 98144-74535
4. Dr. Preet Mohinder Pal Singh
   M.: 98148-98289

**ਰਚਨਾਵਾਂ ਤੇ ਸਲਾਨਾ ਚੰਦਾ ਭੇਜਣ ਦਾ ਪਤਾ**

ਮੁੱਖ ਸੰਪਾਦਕ, ਲੁਬਾਣਾ ਸੇਵਕ
ਸੈਕਟਰ 30-ਏ, ਚੰਡੀਗੜ੍ਹ, ਮੋ. 98140-62091
**e-mail:lobanafoundation@gmail.com**
Websitelink : bmslchd.org, lobanafoundation.org
FOR ONLINE DEPOSITS OF FUNDS BANK ACCOUNT DETAIL IS AS UNDER:-
Bank Name :- State Bank of India
A/c No.-10304629441, IFSC Code:- SBIN0001443
Note - On depositing kindly intimate your name and address to the Foundation.
President - 98140-62091

| | | |
|---|---|---|
| ਦੇਸ | : | 250 ਰੁਪਏ |
| ਪਰਦੇਸ | : | 20 ਡਾਲਰ |
| ਜੀਵਨ ਮੈਂਬਰ ਦੇਸ | : | 2500 ਰੁ. |
| ਜੀਵਨ ਮੈਂਬਰ ਪਰਦੇਸ | : | 7500 ਰੁ. |

ਚੰਦਾ ਚੈਕ ਜਾਂ ਡਰਾਫਟ ਰਾਹੀਂ ਲੁਬਾਣਾ ਸੇਵਕ ਦੇ ਨਾਮ 'ਤੇ ਡਾਕ ਰਾਹੀਂ ਵੀ ਭੇਜਿਆ ਜਾ ਸਕਦਾ ਹੈ।


## ਜੁਲਾਈ ਮਹੀਨੇ ਦੀ ਮੱਸਿਆ, ਸੰਗਰਾਂਦ ਅਤੇ ਪੂਰਨਮਾਸ਼ੀ (ਮਿਤੀ ਅਤੇ ਦਿਨ)

**ਪੂਰਨਮਾਸ਼ੀ - 03-07-2023 (ਸੋਮਵਾਰ)**
**ਸੰਗਰਾਂਦ - 16-07-2023 (ਐਤਵਾਰ)**
**ਮੱਸਿਆ - 17-07-2023 (ਸੋਮਵਾਰ)**

## ਤਤਕਰਾ


ਜਿਲਦ ਨੰ. 41 | ਅੰਕ - 121 | ਜੁਲਾਈ - 2023



1. ਮਹਾਨ ਯੋਧਾ ਮਹਾਰਾਜਾ ਰਣਜੀਤ ਸਿੰਘ 4
2. ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ 7
3. ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ 9
4. ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ 11
5. ਗੁਰ ਸਾਗਰ ਦੇ ਸੁੱਚੇ ਮੋਤੀ 13
6. ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ 15
7. ਜੀਵਨ ਵਿਕਾਸ – ਇਕ ਸੰਘਰਸ਼ 16
8. ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ 18
9. ਸਾਵਣ 19
10. ਵਰਖਾ ਰੁੱਤ 23
11. ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ 24
12. ਆਓ ਜਾਣੀਏ! 26
13. ਬਾਲ ਕਹਾਣੀ (ਜਹਾਜ਼ ਦੇ ਝੂਟੇ) 27
14. ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ 28
15. ਹੋਰ ਪੱਛੜੀਆਂ ਸ਼੍ਰੇਣੀਆਂ (ਓ.ਬੀ.ਸੀ.) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ 29
16. ਚੋਰ 30
17. ਸਿਹਤ ਸੰਭਾਲ 32
18. ਕਾਵਿ-ਕਿਆਰੀ 33
19. ਸ਼ਬਦਾਂ ਦੇ ਸੰਜੋਗ 34
20. क्या यही है आधुनिकता 35
21. फैशन की परिभाषा 36
22. NIMBU PANI! A Cure for Cancer... 37
23. Matrimonial 38
24. ਦਾਨੀ ਸੱਜਣਾਂ ਦੀ ਸੂਚੀ 40



'ਲੁਬਾਣਾ ਸੇਵਕ' ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ, ਸੋ ਜ਼ਰੂਰੀ ਨਹੀਂ ਕਿ ਇਨ੍ਹਾਂ ਨਾਲ ਫਾਊਂਡੇਸ਼ਨ ਜਾਂ ਲੁਬਾਣਾ ਸੇਵਕ ਅਦਾਰਾ ਪੂਰੀ ਤਰ੍ਹਾਂ ਸਹਿਮਤ ਹੋਵੇ।



**Printed & Published by**
**Harbhajan Singh for Baba Makhan Shah Lobana Foundation (Regd.)**
**Sector 30-A, Chandigarh.**

**Computer Designing - WP&S, M.: 98153-78692**

# ਮਹਾਨ ਯੋਧਾ ਮਹਾਰਾਜਾ ਰਣਜੀਤ ਸਿੰਘ




ਪੰਜਾਂ ਦਰਿਆਵਾਂ ਦੀ ਖ਼ੁਸ਼ਹਾਲ, ਉਪਜਾਊ, ਇਤਿਹਾਸਕ ਅਤੇ ਸਿਰਕੱਢ ਭੋਇੰ ਪੰਜਾਬ ਨੂੰ ਇਹ ਸ਼ਰਫ਼ ਹਾਸਿਲ ਹੈ ਕਿ ਉਸ ਨੇ ਆਪਣੀ ਨਿੱਘੀ, ਸੁਖਾਵੀਂ ਅਤੇ ਸਦੀਵੀ ਗੋਦੀ ਵਿਚ ਜਿੱਥੇ ਅਨੰਤ ਕਾਲ ਦੇ ਪੀਰਾਂ-ਫ਼ਕੀਰਾਂ, ਰਿਸ਼ੀਆਂ-ਮੁਨੀਆਂ, ਤੇਜਸਵੀਆਂ ਅਤੇ ਆਚਾਰੀਆਂ ਨੂੰ ਖਿਡਾਇਆ ਹੈ ਉਥੇ ਮੱਧਕਾਲ ਵਿਚ ਦਸ ਅਮਰ ਪਾਤਿਸ਼ਾਹੀਆਂ ਦੇ ਰਸਭਿੰਨੜੇ ਅਤੇ ਅਨਾਦੀ ਬੋਲ ਵੀ ਮਾਣੇ ਹਨ। ਦੁਨੀਆ ਦੇ ਇਸ ਅੱਲੋਕਾਰੇ ਖਿੱਤੇ ਵਿਚ ਬਾਬਾ ਬੰਦਾ ਸਿੰਘ ਬਹਾਦਰ ਅਤੇ ਸੁਲਤਾਨ-ਉਲ-ਕੌਮ ਸ. ਜੱਸਾ ਸਿੰਘ ਆਹਲੂਵਾਲੀਆ ਦੀਆਂ ਧੁੰਮਾਂ ਵੀ ਪਈਆਂ ਅਤੇ ਉਸ ਤੋਂ ਮਗਰੋਂ, ਪਰਮਾਤਮਾ ਨੇ ਪੰਜਾਬ ਨੂੰ ਇੱਕ ਅਜਿਹੇ ਅਨੂਠੇ ਸ਼ੇਰ-ਪੁੱਤਰ ਨਾਲ ਨਿਵਾਜਿਆ ਜਿਸ ਦੀਆਂ ਬੀਰ ਗਾਥਾਵਾਂ ਅੱਜ ਦੋ ਸੌ ਸਾਲ ਤੋਂ ਵੱਧ ਸਮਾਂ ਬੀਤ ਜਾਣ ’ਤੇ ਵੀ ਕਾਬਲ, ਕੰਧਾਰ ਅਤੇ ਪਿਸ਼ਾਵਰ ਦੇ ਕਿਲ੍ਹਿਆਂ ਦੀਆਂ ਮੂਕ ਕੰਧਾਂ ਸੁਣਾਉਂਦੀਆਂ ਅਤੇ ਦਰਸਾਉਂਦੀਆਂ ਹਨ।




**ਸੰਪਾਦਕ**
**ਭਗਵਾਨ ਸਿੰਘ ਲੁਬਾਣਾ**
**98155-40240**


ਸੱਚਮੁੱਚ, ਹਜ਼ਾਰਾਂ ਸਾਲਾਂ ਦੀ ਵਿਦੇਸ਼ੀ ਲੁੱਟ-ਖਸੁੱਟ, ਆਪੋ-ਧਾਪੀ, ਰੌਲੇ-ਗੌਲੇ ਅਤੇ ਸ਼ੋਰੋ-ਗੁਲ ਦੇ ਆਕਾਸ਼ ਵਿਚ ਮਹਾਰਾਜਾ ਰਣਜੀਤ ਸਿੰਘ ਦੀ ਵਿਸ਼ਾਲ ਦ੍ਰਿੜ੍ਹਤਾ, ਖੁਲ੍ਹਦਿਲੀ, ਅਫ਼ਿਰਕੂ ਢੰਗ ਨਾਲ ਇਸਦਾ ਕਾਇਮ ਰਹਿਣਾ ਅਤੇ ਬੱਚੇ ਬੁੱਢੇ ਦੇ ਮਨ ਦੀਆਂ ਮੁਰਾਦਾਂ ਪੂਰੀਆਂ ਕਰਨੀਆਂ ਇਕ ਕ੍ਰਿਸ਼ਮੇ ਤੋਂ ਘੱਟ ਨਹੀਂ ਸੀ। ਉਨ੍ਹਾਂ ਦਾ ਸ਼ੁਮਾਰ ਅਕਬਰ, ਅਸ਼ੋਕ, ਸ਼ੇਰਸ਼ਾਹ ਸੂਰੀ ਅਤੇ ਸ਼ਿਵਾਜੀ ਮਰਹੱਟੇ ਆਦਿ ਜਿਹੀਆਂ ਉਨ੍ਹਾਂ ਮਕਬੂਲ ਸ਼ਖ਼ਸੀਅਤਾਂ ਵਿਚ ਕੀਤਾ ਜਾਂਦਾ ਹੈ ਜਿਨ੍ਹਾਂ ਨੇ ਲੋਕ-ਭਲਾਈ ਖ਼ਾਤਿਰ ਵਿਸ਼ੇਸ਼ ਜਤਨ ਕੀਤੇ ਅਤੇ ਬੁਲੰਦੀਆਂ ਸਰ ਕੀਤੀਆਂ। ਪਰਜਾ ਦੇ ਦਿਲ ਜਿੱਤਣ ਖ਼ਾਤਿਰ ਇਨ੍ਹਾਂ ਸਭਨਾਂ ਨੇ ਆਪਣਾ ਬਹੁਤ ਕੁਝ ਕੁਰਬਾਨ ਕਰਨੋਂ ਵੀ ਗੁਰੇਜ਼ ਨਹੀਂ ਸੀ ਕੀਤਾ। ਪੰਜਾਬੀ ਬੱਬਰ ਸ਼ੇਰ ਮਹਾਰਾਜਾ ਰਣਜੀਤ ਸਿੰਘ ਉਂਝ ਇਨ੍ਹਾਂ ਸਾਰਿਆਂ ਨਾਲੋਂ ਵਿਲੱਖਣ ਸੀ-ਬਿਲਕੁਲ ਹੀ ਅਲੱਗ ਕਿਉਂਕਿ ਉਸ ਨੇ ਆਰੰਭ ਤੋਂ ਅੰਤ ਤਕ ਜਿਨ੍ਹਾਂ ਅਸੂਲਾਂ, ਆਦਰਸ਼ਾਂ, ਸਿਧਾਂਤਾਂ ਅਤੇ ਨਿਯਮਾਂ ਨੂੰ ਅਪਣਾਇਆ, ਨਿਭਾਇਆ ਅਤੇ ਕਮਾਇਆ ਉਹ ਉਪਰ ਜ਼ਿਕਰਤ ਮਹਾਨ ਹਸਤੀਆਂ ਨੇ ਓਸ ਨਿਸ਼ਠਾ, ਦ੍ਰਿੜ੍ਹਤਾ, ਲਗਨ ਅਤੇ ਸੂਰਬੀਰਤਾ ਨਾਲ ਸ਼ਾਇਦ ਨਾ ਨਿਭਾਏ ਹੋਣ ਜਿਸ ਨਾਲ ਮਰਦੇ ਦਮ ਤਕ ਜਾਂਬਾਜ ਮਹਾਰਾਜਾ ਰਣਜੀਤ ਸਿੰਘ ਨੇ ਨਿਭਾਏ।

ਪੰਜਾਬ ਦਾ ਸ਼ੇਰ-ਪੁਤਰ ਰਣਜੀਤ ਸਿੰਘ ਪ੍ਰਭੂ-ਬਖਸ਼ਿਸ਼ ਕਾਰਨ ਹੀ ਅਜਿਹੇ ਉਚੇਰੇ ਮੁਕਾਮ ਦਾ ਭਾਗੀ ਬਣਿਆ ਜਿਸ ਦੀ ਕਾਮਨਾ ਤਾਂ ਭਾਵੇਂ ਹਰ ਵਿਅਕਤੀ ਕਰਦੈ ਪਰੰਤੂ ਜਿਹਦੀ ਪ੍ਰਾਪਤੀ ਅਤਿਅੰਤ ਦੁਸ਼ਵਾਰ ਕਾਰਜ ਹੈ। ਨਵੰਬਰ 1780 ਦੀ ਸਦ-ਸੁਹਾਵੀ ਅਤੇ ਅਤਿ ਸੁਖਾਵੀ ਰੁਤੇ; ਯੋਧੇ ਅਤੇ ਸਿਰਲੱਥ ਪਿਤਾ ਮਹਾਂ ਸਿੰਘ ਅਤੇ ਸੂਝ ਸਿਆਣਪ ਅਤੇ ਰਾਜਸੀ ਯੋਗਤਾ ਵਾਲੀ ਦਲੇਰ ਮਾਤਾ ਰਾਜ ਕੌਰ ਦੇ ਰੰਗਲੇ ਵਿਹੜੇ ਨੂੰ ਆਪਣੀਆਂ ਕਿਲਕਾਰੀਆਂ ਨਾਲ ਮਹਿਕਾਉਣ ਆਇਆ ਬਾਲ ਬੁਧ ਸਿੰਘ ਕਿਹੋ ਜਿਹਾ ਹੁਸੀਨ ਬਾਲ ਹੋਵੇਗਾ ਜਿਸ ਨੇ ਹੋਣੀਆਂ ਨਾਲ ਮੱਥਾਂ ਲਾ ਕੇ ਅਣਹੋਣੀਆਂ ਵਰਤਾਉਣੀਆਂ ਸਨ, ਕਹਿੰਦੇ ਕਹਾਉਂਦੇ ਜੁਝਾਰੂਆਂ ਨੂੰ ਭਾਜੜਾਂ ਪਾਉਣੀਆਂ ਸਨ ਅਤੇ ਕੁਫ਼ਰ-ਚਾਲਾਂ ਚਲਨ ਵਾਲਿਆਂ ਨੂੰ ਅਜਿਹਾ ਸਬਕ ਸਿਖਾਉਣਾ ਸੀ ਕਿ ਡੰਗਿਆਂ ਪਾਣੀ ਤਕ ਨਾ ਮੰਗੋ। ਚੜ੍ਹਤ ਸਿੰਘ ਦੇ ਇਸ ਅਨੂਠੇ ਪੋਤਰੇ ਬੁੱਧ ਸਿੰਘ ਦਾ ਨਾਮਕਰਣ ਭਾਵੇਂ ਬਜ਼ੁਰਗਾਂ ਨੇ ਦੀਰਘ ਵਿਚਾਰ ਉਪਰੰਤ ਹੀ ਕੀਤਾ ਸੀ ਪਰੰਤੂ ਆਪਣੀ ਮਿਸਲ (ਸ਼ੁਕਰਚੱਕੀਆ) ਦੇ ਸਰਦਾਰ ਮਹਾਂ ਸਿੰਘ ਨੇ ਜਿਹਲਮ ਦੇ ਕਿਨਾਰੇ ’ਤੇ ਚੱਠਿਆਂ ਵਿਰੁੱਧ ਲੜਦਿਆਂ ਉਸੇ ਦਿਨ ਹੀ ਮੈਦਾਨ ਫ਼ਤਹਿ ਕੀਤਾ ਸੀ ਜਿਸ ਦਿਨ ਪਰਿਵਾਰ ਨੂੰ ਭੁਚੰਗੀ ਦੀ ਅਮੁੱਲੀ ਸੌਗਾਤ ਪ੍ਰਾਪਤ ਹੋਈ ਸੀ। ਜੰਗ ਜਿਤਣ ਦੀ ਅਪਾਰ ਖ਼ੁਸ਼ੀ ਵਿਚ ਬੱਚੇ




ਦਾ ਨਾਂ ਬੁੱਧ ਸਿੰਘ (man of wisdom) ਤੋਂ ਰਣਜੀਤ ਸਿੰਘ (Winner of Battle) ਬਦਲ ਦਿੱਤਾ ਗਿਆ ਜਿਸਨੂੰ ਨੌਜਵਾਨ ਪੁੱਤਰ ਨੇ ਆਖਰੀ ਸਾਹਾਂ ਤੱਕ ਪੁਸ਼ਟ ਕੀਤਾ। ਉਸ ਨੇ ਹਰ ਰਣ ਵਿਚ ਜਿੱਤ ਪ੍ਰਾਪਤ ਕੀਤੀ।

ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਇਕ ਗੁਰੂ ਵਰੋਸਾਇਆ ਹੋਇਆ ਸ਼ਖਸ ਸੀ-ਖ਼ਾਲਸਾ ਰਾਜ ਦਾ ਵਿਸ਼ਾਲ ਥੰਮ੍ਹ। ਸ਼ੁਧ ਖਾਲਸਾ ਹੁੰਦਿਆਂ ਜਿੱਥੇ ਉਸ ਨੇ ਗੁਰੂ ਸਾਹਿਬਾਨ ਦੇ ਸਿਧਾਂਤਾਂ ਨੂੰ ਅਮਲਾਂ ਵਿਚ ਢਾਲਿਆ ਉਥੇ ਉਸਨੇ ਇਨਸਾਨੀਅਤ ਦਾ ਸੱਚਾ ਸੁੱਚਾ ਮੁਜੱਸਮਾ ਬਣਨ ਦਾ ਵੀ ਟਿੱਲ ਲਾਇਆ। ਜਿਸ ਮੁਗ਼ਲ ਹਕੂਮਤ ਨੇ ਬਾਬਰ ਤੋਂ ਲੈ ਕੇ ਔਰੰਗਜ਼ੇਬ ਤੱਕ ਵੱਖ-ਵੱਖ ਮੌਕਿਆਂ ਤੇ ਗੁਰੂ-ਘਰ ਨਾਲ ਟਕਰ ਲੈਂਦਿਆਂ, ਵਧੀਕੀਆਂ, ਜ਼ਿਆਦਤੀਆਂ, ਮਨਮਾਨੀਆਂ ਅਤੇ ਆਪਹੁਦਰੀਆਂ ਕੀਤੀਆਂ ਤੇ ਸ਼ਹੀਦੀ ਜਾਮ ਪਿਲਾਉਣੋਂ ਵੀ ਗੁਰੇਜ਼ ਨਾ ਕੀਤਾ ਉਸੇ ਮੁਗ਼ਲ ਸ਼ਹਿਨਸ਼ਾਹਤ ਦੇ ਖੰਡਰਾਤਾਂ 'ਤੇ ਆਪਣੇ ਵਿਸ਼ਾਲ ਰਾਜ ਦੀਆਂ ਨੀਹਾਂ ਮਜ਼ਬੂਤ ਕਰਨ ਦਾ ਮਹਾਨ ਇਤਿਹਾਸਕ ਕਾਰਜ ਰਣਜੀਤ ਸਿੰਘ ਦੇ ਜ਼ਿੰਮੇ ਆਇਆ।

'ਸਰਕਾਰ-ਏ-ਖ਼ਾਲਸਾ' ਦਾ ਸਟੇਟ ਬੈਨਰ ਸਜਾਉਣ ਵਾਲਾ, ਸ਼ਾਹੀ ਦਰਬਾਰ ਦਾ ਨਾਂ 'ਦਰਬਾਰ-ਏ-ਖਾਲਸਾ' ਪ੍ਰਵਾਨ ਕਰਨ ਵਾਲਾ, ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਦੇ ਨਾਂ 'ਤੇ 'ਨਾਨਕਸ਼ਾਹੀ ਸਿੱਕਾ ਚਲਾਉਣ ਵਾਲਾ, 'ਰਣਜੀਤ ਸਿੰਘ ਅਕਾਲ ਸਹਾਇ' ਦੀ ਮੁਹਰ ਬਣਵਾਉਣ ਵਾਲਾ, ਸਿੰਘ ਸਾਹਿਬ' ਦੇ ਨਾਂ ਨਾਲ ਆਪਣੇ ਆਪ ਨੂੰ ਸਦਵਾਉਣ ਵਾਲਾ, ਦਰੀ ਉੱਤੇ ਦਰਬਾਰ ਸਜਾਉਣ ਵਾਲਾ, ਸਾਰੀ ਉਮਰ 'ਤਖਤ' ਜਾਂ ਸਿੰਘਾਸਣ ਉਤੇ ਨਾ ਬਿਰਾਜਮਾਨ ਹੋਣ ਵਾਲਾ, ਆਮ ਸਾਦਾ ਕਪੜੇ ਪਾਉਣ ਵਾਲਾ, ਕੁਰਸੀ ਉੱਤੇ ਹੀ ਦਰਬਾਰ ਲਾ ਲੈਣ ਵਾਲਾ (ਖਾਸ ਮੌਕਿਆਂ ਤੋਂ ਬਿਨਾਂ ਆਮ ਕੁਰਸੀ ਦੀ ਵਰਤੋਂ ਹੀ ਹੁੰਦੀ ਸੀ) ਹੀਰੇ-ਜਵਾਹਰਾਤਾਂ ਅਤੇ ਰਤਨਾਂ-ਲਾਲਾਂ ਨਾਲ ਮੋਹ ਨਾ ਪਾਲਣ ਵਾਲਾ ਤੇ ਸਭ ਤੋਂ ਵੱਧ ਕੇ ਆਪਣੀ ਪਰਜਾ ਨੂੰ ਹਰ ਪ੍ਰਕਾਰੀ ਵਿਤਕਰਿਆਂ ਤੋਂ ਉਤਾਂਹ ਦਿਲੋਂ, ਜੀਅ-ਜਾਨ ਨਾਲ ਪਿਆਰਨ ਵਾਲਾ ਮਹਾਰਾਜਾ ਰਣਜੀਤ ਸਿੰਘ ਤੋਂ ਬਿਨਾਂ ਇਸ ਧਰਤੀ ਤੇ ਹੋਰ ਕਿਹੜਾ ਰਾਜਾ ਹੋ ਸਕਦਾ ਸੀ।

ਮਹਾਰਾਜਾ ਰਣਜੀਤ ਸਿੰਘ ਨੇ ਕਿਸੇ ਸੰਗਠਤ ਅਦਾਲਤੀ ਢਾਂਚੇ ਜਾਂ ਨਿਆਂਇਕ ਪ੍ਰਣਾਲੀ ਦਾ ਗਠਨ ਨਹੀਂ ਕੀਤਾ। ਇਸ ਦਾ ਮਤਲਬ ਇਹ ਵੀ ਨਹੀਂ ਕਿ ਜਨਤਾ ਨੂੰ ਨਿਆਂ ਹੀ ਨਹੀਂ ਮਿਲਦਾ ਸੀ ਅਤੇ ਜੰਗਲ ਦਾ ਰਾਜ ਸੀ। ਜੋ ਨਿਆਂਇਕ ਪ੍ਰਬੰਧ ਮੁਗ਼ਲ ਕਾਲ ਤੋਂ ਸਿੱਖ ਮਿਸਲਾਂ ਨੂੰ ਵਿਰਸੇ ਵਿਚ ਮਿਲਿਆ ਉਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਪਹਿਲਾਂ ਦੀ ਤਰ੍ਹਾਂ ਹੀ ਰਹਿਣ ਦਿੱਤਾ ਪਰ ਲੋੜ ਪੈਣ 'ਤੇ ਕਾਨੂੰਨ ਜ਼ਰੂਰ ਬਦਲੇ ਗਏ ਇਸ ਦਾ ਮੁੱਖ ਕਾਰਨ ਪੰਚਾਇਤਾਂ ਦੀ ਪ੍ਰਮੁੱਖ ਭੂਮਿਕਾ ਸੀ। ਇਨ੍ਹਾਂ ਦਾ ਕੰਮ ਬਿਲਕੁਲ ਪਾਰਦਰਸ਼ੀ ਸੀ। ਸਥਾਨਕ ਫੌਜਦਾਰੀ ਅਤੇ ਦੀਵਾਨੀ ਦੋਹਾਂ ਮਾਮਲਿਆਂ ਨੂੰ ਇਹ ਬਾਖ਼ੂਬੀ ਨਜਿੱਠ ਲੈਂਦੀਆਂ ਸਨ ਅਤੇ ਕਿਸੇ ਨਾਲ ਬੇ-ਇਨਸਾਫ਼ੀ ਦੀ ਗੁੰਜਾਇਸ਼ ਘੱਟ ਹੀ ਰਹਿੰਦੀ। ਇਨ੍ਹਾਂ ਪਾਸ ਕੋਈ ਲਿਖਤੀ ਕਾਨੂੰਨੀ ਹਦਾਇਤਾਂ ਜਾਂ ਕਿਤਾਬਾਂ ਨਹੀਂ ਸਨ, ਸਗੋਂ ਉਹ ਪ੍ਰਚਲਿਤ ਪਰੰਪਰਾਵਾਂ ਸਨ ਜਿਹੜੀਆਂ ਪੀੜ੍ਹੀ ਦਰ ਪੀੜ੍ਹੀ ਆਮ ਲੋਕਾਂ ਨੂੰ ਯਾਦ ਸਨ ਅਤੇ ਉਨ੍ਹਾਂ ਨੂੰ ਤੋੜ ਕੇ ਕੋਈ ਆਪਣੀ ਮਨਮਰਜ਼ੀ ਨਹੀਂ ਕਰ ਸਕਦਾ ਸੀ। ਜ਼ਮੀਨੀ ਝਗੜਿਆਂ ਦਾ ਨਿਪਟਾਰਾ ਕਾਨੂੰਨੀ ਅਤੇ ਗੁੰਝਲਦਾਰ ਅਦਾਲਤੀ ਨਿਜ਼ਾਮ ਨਾਲੋਂ ਕਿਤੇ ਜਲਦੀ ਅਤੇ ਤਸੱਲੀਬਖ਼ਸ਼ ਹੋ ਜਾਂਦਾ ਸੀ। ਝੂਠੇ ਅਤੇ ਫਰਜ਼ੀ ਗਵਾਹਾਂ ਨੂੰ ਪੰਚਾਇਤ ਦੇ ਨੇੜੇ ਵੀ ਨਹੀਂ ਫੜਕਣ ਦਿੱਤਾ ਜਾਂਦਾ ਸੀ। ਪੰਚਾਇਤ ਵਿਚ ਹੋਏ ਫੈਸਲੇ ਤੋਂ ਅਸੰਤੁਸ਼ਟ ਪਾਰਟੀ ਜਾਂ ਆਦਮੀ ਕਦੀ ਕਦੀ ਕਾਰਦਾਰ ਕੋਲ ਇਨਸਾਫ਼ ਦੀ ਮੰਗ ਕਰਦਾ ਸੀ। ਕਾਰਦਾਰ ਦੋਹਾਂ ਪਾਰਟੀਆਂ ਨੂੰ ਬੁਲਾ ਕੇ



ਦੋਹਾਂ ਦੀ ਗੱਲ ਸੁਣਦਾ ਅਤੇ ਤਸੱਲੀ ਕਰਵਾਉਣ ਦਾ ਯਤਨ ਕਰਦਾ ਅਤੇ ਉਸ ਦੇ ਫੈਸਲੇ ਨੂੰ ਦੋਵੇਂ ਧਿਰਾਂ ਮੰਨਦੀਆਂ ਸਨ। ਜ਼ਮੀਨੀ ਝਗੜਿਆਂ ਵਿਚ ਪਟਵਾਰੀਆਂ ਦੀ ਭੂਮਿਕਾ ਬਹੁਤ ਅਹਿਮ ਸੀ।

ਛੋਟੇ ਕਸਬਿਆਂ ਵਿਚ ਨਿਆਂ-ਪ੍ਰਬੰਧ ਸਿੱਧਾ ਕਾਰਦਾਰ ਦੇ ਹੱਥ ਹੁੰਦਾ। ਉਹ ਦੀਵਾਨੀ ਮੁਕੱਦਮਿਆਂ ਤੋਂ ਇਲਾਵਾ ਫੌਜਦਾਰੀ ਮੁਕੱਦਮਿਆਂ ਦੀ ਸੁਣਵਾਈ ਵੀ ਕਰਦੇ। ਉਨ੍ਹਾਂ ਪਾਸ ਜ਼ਿਆਦਾ ਮੁਕੱਦਮੇ ਜ਼ਮੀਨੀ ਦਾਵੇਦਾਰੀਆਂ, ਹੱਦ ਬੰਨਿਆਂ ਅਤੇ ਮਾਲੀਏ ਨਾਲ ਸੰਬੰਧਿਤ ਆਉਂਦੇ। ਉਹ ਪੈਸੇ ਦੇ ਲੈਣ ਦੇਣ ਸਬੰਧੀ ਸ਼ਿਕਾਇਤਾਂ ਵੀ ਸੁਣਦਾ। ਸ਼ਹਿਰਾਂ ਵਿਚ ਨਾਜ਼ਿਮ ਜਾਂ ਕਾਰਦਾਰ ਕਾਨੂੰਨ ਅਤੇ ਅਦਾਲਤੀ ਕੰਮਾਂ ਦਾ ਨਿਪਟਾਰਾ ਕਰਦੇ ਅਤੇ ਉਨ੍ਹਾਂ ਨੇ ਆਪਣੀ ਸਹਾਇਤਾ ਲਈ 'ਅਦਾਲਤੀ' ਰੱਖੇ ਹੁੰਦੇ ਸਨ। ਜੋ ਛੋਟੇ ਜੱਜਾਂ ਦਾ ਕੰਮ ਕਰਦੇ। ਹਰ ਸ਼ਹਿਰ ਵਿਚ ਸਬੰਧਿਤ ਨਾਜ਼ਿਮ ਵੱਲੋਂ ਇਕ ਕਚਹਿਰੀ ਸਥਾਪਿਤ ਕੀਤੀ ਹੁੰਦੀ ਸੀ, ਜਿਸ ਨੂੰ ਅਦਾਲਤ-ਏ-ਆਲ੍ਹਾ (ਉੱਚ ਅਦਾਲਤ) ਕਿਹਾ ਜਾਂਦਾ ਸੀ। ਇਨ੍ਹਾਂ ਅਦਾਲਤਾਂ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਮੰਤਰੀ ਵੀ ਆਪੋ ਆਪਣੇ ਵਿਭਾਗ ਨਾਲ ਸਬੰਧਤ ਅਦਾਲਤੀ ਝਗੜਿਆਂ ਦਾ ਨਿਪਟਾਰਾ ਕਰਦੇ ਸਨ। ਸਭ ਤੋਂ ਉੱਪਰਲੀ ਅਦਾਲਤ ਮਹਾਰਾਜਾ ਆਪ ਹੁੰਦਾ ਸੀ ਜੋ ਸ਼ਾਹੀ ਵਿਅਕਤੀਆਂ, ਮੰਤਰੀਆਂ, ਕਾਰਦਾਰਾਂ, ਨਾਜ਼ਿਮਾਂ ਅਤੇ ਦੂਜੇ ਅਹਿਲਕਾਰਾਂ ਵਿਰੁੱਧ ਅਪੀਲਾਂ ਦੀ ਸੁਣਵਾਈ ਕਰਦਾ ਸੀ। ਸਾਨੂੰ ਸਮਕਾਲੀ ਇਤਿਹਾਸਕ ਸਰੋਤਾਂ ਵਿਚ ਬਹੁਤ ਸਾਰੇ ਐਸੇ ਹਵਾਲੇ ਮਿਲਦੇ ਹਨ, ਜਿਨ੍ਹਾਂ ਵਿਚ ਮਹਾਰਾਜੇ ਵੱਲੋਂ ਕਿਸੇ ਪੀੜਤ ਵਿਅਕਤੀ ਦੀ ਸੁਣਵਾਈ ਕਰ ਕੇ ਉਸ ਦੀ ਤਸੱਲੀ ਕਰਵਾਈ ਹੋਵੇ।

ਮਹਾਰਾਜਾ ਰਣਜੀਤ ਸਿੰਘ ਦਾ ਨਿਆਂਇਕ ਪ੍ਰਬੰਧ ਉਪਰੋਂ ਭਾਵੇਂ ਢਿੱਲਾ ਅਤੇ ਸਾਧਾਰਨ ਜਿਹਾ ਹੀ ਦਿਸਦਾ, ਪਰ ਉਸ ਦੇ ਰਾਜ ਵਿਚ ਆਮ ਲੋਕ ਇਸ ਨਿਜ਼ਾਮ 'ਤੇ ਬਹੁਤ ਖੁਸ਼ ਸਨ ਕਿਉਂਕਿ ਇਹ ਲੋਕ-ਪਰੰਪਰਾਵਾਂ ਅਤੇ ਰਵਾਇਤਾਂ ਉੱਪਰ ਅਧਾਰਿਤ ਸੀ ਅਤੇ ਕਿਸੇ ਨਾਲ ਬੇਇਨਸਾਫ਼ੀ ਦੀ ਗੁੰਜਾਇਸ਼ ਬਹੁਤ ਘੱਟ ਸੀ। ਇਸ ਕੰਮ ਉੱਤੇ ਜੋ ਅਹਿਲਕਾਰ ਨਿਯੁਕਤ ਕੀਤੇ ਜਾਂਦੇ ਉਹ ਪੜ੍ਹੇ ਲਿਖੇ ਅਤੇ ਸਾਫ਼-ਸੁਥਰੇ ਅਕਸ ਵਾਲੇ ਹੁੰਦੇ ਸਨ। ਮਹਾਰਾਜਾ ਆਪ ਵੀ ਕਈ ਵਾਰ ਉਨ੍ਹਾਂ ਦੁਆਰਾ ਕੀਤੇ ਫੈਸਲਿਆਂ ਦੀ ਛਾਣਬੀਣ ਕਰਦਾ ਅਤੇ ਦੋਸ਼ੀਆਂ ਨੂੰ ਦੰਡਿਤ ਕਰਦਾ। ਮਹਾਰਾਜਾ ਰਣਜੀਤ ਸਿੰਘ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਖੇ ਚੜ੍ਹਾਵੇ ਵਿਚ ਆਏ ਪੈਸੇ ਨੂੰ ਖਰਚ ਕਰਨ ਸਬੰਧੀ ਬੇ-ਨਿਯਮੀਆਂ ਦਾ ਜਦੋਂ ਪਤਾ ਲੱਗਾ ਤਾਂ ਉਸ ਨੇ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧਕ ਭਾਈ ਸੰਤ ਸਿੰਘ ਨੂੰ ਪ੍ਰਬੰਧਕ ਦੇ ਅਹੁਦੇ ਤੋਂ ਤੁਰੰਤ ਵਿਹਲਾ ਕਰ ਦਿੱਤਾ ਅਤੇ ਉਸ ਦੀ ਜਗ੍ਹਾ ਭਾਈ ਹਰਭਜਨ ਰਾਏ ਦੇ ਪੁੱਤਰਾਂ, ਭਾਈ ਰਾਮ ਸਿੰਘ ਅਤੇ ਭਾਈ ਗੋਬਿੰਦ ਰਾਮ ਨੂੰ ਕੰਮ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ।

ਸਰਕਾਰੀ ਅਦਾਲਤਾਂ ਵਿਚ ਕਾਗ਼ਜ਼ੀ ਕੰਮਕਾਰ ਵਿਚ ਲੋਕਾਂ ਦਾ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ ਸੀ। ਦੀਵਾਨੀ ਅਤੇ ਫ਼ੌਜਦਾਰੀ ਮੁਕੱਦਮਿਆਂ ਦਾ ਫੈਸਲਾ ਜਲਦੀ ਹੋ ਜਾਂਦਾ ਜਿਸ ਕਰਕੇ ਇਹ ਵਿਵਸਥਾ ਆਮ ਪੇਂਡੂਆਂ ਖਾਸ ਕਰ ਕੇ ਕਿਸਾਨਾਂ ਵਾਸਤੇ ਬਹੁਤ ਲਾਹੇਵੰਦ ਸੀ। ਦੇਰ ਦਾ ਨਿਆਂ ਵੀ ਇਕ ਤਰ੍ਹਾਂ ਦੀ ਬੇ-ਇਨਸਾਫ਼ੀ ਹੀ ਹੁੰਦੀ ਹੈ।

ਆਲੀਸ਼ਾਨ ਤੋਪਾਂ ਤੇ ਘੋੜਿਆਂ ਦਾ ਸ਼ੌਕੀਨ, ਆਪ ਅਨਪੜ੍ਹ ਹੋਣ ਦੇ ਬਾਵਜੂਦ ਪੜ੍ਹਿਆਂ ਲਿਖਿਆਂ ਦਾ ਮਹਾਂ ਕਦਰਦਾਨ, ਹਰਿਮੰਦਰ ਨੂੰ ਗੋਲਡਨ ਟੈਂਪਲ ਵਜੋਂ ਪ੍ਰਸਿੱਧ ਕਰਵਾਉਣ ਵਾਲਾ, ਕੋਮਲ ਕਲਾਵਾਂ ਦਾ ਉਪਾਸਕ, ਔਰਤ ਦੀ ਅਸੀਸ ਦਾ ਸਤਿਕਾਰ ਕਰਨ ਵਾਲਾ, ਸਿੱਖ ਰਹਿਤ, ਮਰਯਾਦਾ ਨਿਭਾਉਣ ਵਾਲਾ ਮਹਾਂਬਲੀ ਰਣਜੀਤ ਸਿੰਘ ਜਿਹਾ ਬੇਖ਼ੌਫ਼ ਰਾਜਾ, ਵੱਡੇ ਭਾਗਾਂ ਨਾਲ ਹੀ ਪਰਜਾਪਤੀ ਬਣ ਸਕਦਾ ਹੈ।

1808 ਵਿਚ ਲਾਹੌਰ ਆਏ ਇਕ ਅੰਗਰੇਜ਼ੀ ਸੈਲਾਨੀ ਨੇ ਜੋ ਅੱਖੀ ਡਿੱਠੇ ਹਾਲ ਬਿਆਨ ਕੀਤੇ ਉਹ ਹੁਣ ਤੱਕ 'ਏਸ਼ਿਐਟਿਕ ਸਾਲਾਨਾ ਰਜਿਸਟਰ 1809' ਵਿਚ ਸਾਂਭੇ ਪਏ ਹਨ – ਜਿਨ੍ਹਾਂ ਨੂੰ ਇਦੂ ਭੂਸ਼ਨ ਬੈਨਰਜੀ ਨੇ ਇਵੇਂ ਕਲਮਬੰਦ ਕੀਤਾ ਹੈ:

"ਵਧੀਆ ਕੱਪੜੇ ਪਹਿਨੀ ਰਿਸ਼ਟ ਪੁਸ਼ਟ ਤੇ ਸੰਤੁਸ਼ਟ ਲੋਕ ਇਕ ਵਧੀਆ ਸਰਕਾਰ ਦੇ ਲੋਕਾਂ ਦੇ ਗਵਾਹ ਜਾਪਦੇ ਸਨ। ਮੇਰੀ ਸਾਰੀ ਠਹਿਰ ਦੌਰਾਨ ਕੋਈ ਵੀ ਰਾਜੇ ਦੀ ਸ਼ਿਕਾਇਤ ਕਰਦਾ ਬੰਦਾ ਨਹੀਂ ਦਿਸਿਆ। ਕਾਸ਼ਤਕਾਰ ਵਿਸ਼ੇਸ਼ ਕਰਕੇ ਅਤੇ ਆਮ ਲੋਕ ਸਾਰੇ ਹੀ ਬੜੇ ਰੱਜ ਕੇ ਖਾਂਦੇ ਹੁੰਦੇ ਸਨ। ਸਿੱਖ ਸਰਦਾਰਾਂ ਦਾ ਵਿਸ਼ੇਸ਼ ਕਾਰਜ ਗੁਰੂ ਦੇ ਲੰਗਰਾਂ ਦਾ ਨਿਰੰਤਰ ਚਲਦੇ ਰਹਿਣਾ ਸੀ ਜੋ ਸਰਬੱਤ ਦੇ ਭਲੇ ਦੇ ਸੂਚਕ ਸਨ।"

ਉੱਨੀਵੀਂ ਸਦੀ ਦੇ ਪੰਜਾਬ ਦੇ ਚੜ੍ਹਦਾ ਸੂਰਜ, ਪੂਰਬੀ ਅਤੇ ਪੱਛਮੀ ਸੰਸਾਰ ਦਾ ਇਕ ਨਿਧੜਕ ਅਤੇ ਬੇਗਰਜ ਯੋਧਾ, ੧੯ਵੀਂ ਸਦੀ ਦੇ ਪੰਜਾਬ ਦੀ ਰਾਜਨੀਤਕ ਕ੍ਰਾਂਤੀ ਦੀ ਸਭ ਤੋਂ ਆਹਲਾ ਪੈਦਾਵਾਰ ਅਤੇ 'ਖਾਲਸੇ ਦੀ ਸਿਰਜਣਾ ਤੋਂ ਪੂਰੀ ਇਕ ਸਦੀ ਬਾਅਦ ਲਾਹੌਰ ਦੇ ਕਿਲ੍ਹੇ 'ਤੇ ਜਿੱਤ ਦੇ ਡੰਕੇ ਗੁੰਜਾਉਣ ਵਾਲਾ ਰਣਜੀਤ ਸਿੰਘ ਇਕ ਅਜਿਹਾ ਦਲੇਰ ਜਰਨੈਲ ਸੀ ਜਿਸ ਦੀ ਵਧੇਰੇ ਉਮਰ ਘੋੜੇ ਦੀ ਕਾਠੀ 'ਤੇ ਸਵਾਰ ਹੁੰਦਿਆ ਹੀ ਬੀਤ ਗਈ। ਜੇ ਕਹਿ ਲਈਏ ਕਿ ੧੯ਵੀਂ ਸਦੀ ਦੇ ਵਿਸ਼ਵ ਦੀ ਸਭ ਤੋਂ ਵਧੇਰੇ ਪ੍ਰਭਾਵਸ਼ਾਲੀ ਅਤੇ ਚਰਚਿਤ ਹਸਤੀ ਸੀ ਮਹਾਰਾਜਾ ਰਣਜੀਤ ਸਿੰਘ ਤਾਂ ਬਿਲਕੁਲ ਵੀ ਕੋਈ ਅਤਿਕਥਨੀ ਨਹੀਂ ਹੋਵੇਗੀ।

**ਸ਼ਹੀਦੀ ਦਿਹਾੜੇ ’ਤੇ ਵਿਸ਼ੇਸ਼**

# ਮਹਾਨ ਸ਼ਹੀਦ ਭਾਈ ਤਾਰੂ ਸਿੰਘ ਜੀ



ਗੁਰੂ ਗ੍ਰੰਥ ਵਿਸ਼ਵ ਕੋਸ਼ ਅਨੁਸਾਰ ਸ਼ਹੀਦ ਅਰਬੀ ਦਾ ਸ਼ਬਦ ਹੈ ਅਤੇ ਕੁਰਾਨ ਅਨੁਸਾਰ ਇਸ ਦੀ ਵਰਤੋਂ ਗਵਾਹ ਜਾਂ ਸਾਕਸ਼ੀ ਦੇ ਅਰਥਾਂ ਵਿਚ ਹੋਈ ਹੈ। ਪਰ ਬਾਅਦ ਵਿਚ ਇਸ ਦੀ ਵਰਤੋਂ ਕੁਰਬਾਨੀ ਜਾਂ ਬਲੀਦਾਨ ਵਜੋਂ ਹੋਣ ਲੱਗੀ। ਸਰੀਰ ਦੀ ਪ੍ਰਵਾਹ ਨਾ ਕੀਤਿਆਂ ਧਰਮ ਦੀ ਰੱਖਿਆ, ਜ਼ਾਲਮ ਜ਼ੁਲਮ ਦਾ ਡੱਟ ਕੇ ਮੁਕਾਬਲਾ ਕਰਨਾ ਅਤੇ ਸ਼ਹਾਦਤ ਦੇਣੀ ਸ਼ਹੀਦਾਂ ਦੇ ਹੌਂਸਲੇ ਤੇ ਸੂਰਬੀਰਤਾ ਦੀ ਨਿਸ਼ਾਨੀ ਹੈ। ਸ਼ਹੀਦੀ ਇਕ ਅਜਿਹਾ ਸਿਧਾਂਤ ਹੈ ਜਿਸਨੂੰ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਕਸ਼ੇ ਕਦਮ ’ਤੇ ਚੱਲਦਿਆਂ ਇਕ ਪਰੰਪਰਾ ਵਾਂਗ ਗੁਰੂ ਚਰਨਾਂ ਵਿਚ ਅਰਪਣ ਕੀਤਾ ਹੈ। ਸ਼ਹੀਦ ਆਤਮ-ਵਿਸ਼ਵਾਸੀ ਹੁੰਦਾ ਹੈ। ਉਹ ਇੱਛਾ ਮੁਕਤ ਅਤੇ ਗੁਰੂ ਦੀ ਰਜ਼ਾ ਵਿਚ ਲੀਨ, ਸ਼ਾਂਤ ਤੇ ਅਡੋਲ ਰਹਿੰਦਾ ਹੈ। ਪੰਜਾਬ ਵਿਚ ਉਤਪੰਨ ਹੋਇਆ ਸ਼ਹੀਦੀ ਸਿਧਾਂਤ ਗੁਰ-ਮਰਿਆਦਾ ਅਨੁਸਾਰ ਇਤਿਹਾਸਕ ਬਿਰਤਾਂਤ ਦਾ ਸਰੂਪ ਧਾਰਨ ਕਰਦਾ ਰਿਹਾ। ਇਸ ਦੀ ਨੀਂਹ ਗੁਰੂ ਨਾਨਕ ਨੇ ਰੱਖੀ ਸੀ। ਇਸ ਦੀ ਸ਼ੁਰੂਆਤ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀ ਲਾਹੌਰ ਵਿਖੇ ਸ਼ਹਾਦਤ ਨਾਲ ਹੋਈ। ਸ਼ਹੀਦਾਂ ਦਾ ਸਿਰਤਾਜ ਤਪਦੀ ਲੋਹ ਉੱਤੇ ਬੈਠਾ, ਉਬਲਦੀ ਦੇਗ ਵਿਚ ਉਬਾਲੇ ਖਾਧੇ, ਗਰਮ ਰੇਤਾ ਸੀਸ ਉੱਤੇ ਪਵਾਈ, ਪਰ ਮੂੰਹੋਂ ਅਕਾਲ ਪੁਰਖ ਦਾ ਨਾਮ ਜਪਦੇ ਰਹੇ। ਫਿਰ 1675 ਵਿਚ ਦਿੱਲੀ ਦੇ ਚਾਂਦਨੀ ਚੌਂਕ ਵਿਚ ਗੁਰੂ ਤੇਗ ਬਹਾਦਰ ਜੀ ਦਾ ਧਰਮ ਦੀ ਰੱਖਿਆ ਲਈ ਸੀਸ ਗਿਆ ਪਰ ਸਿਰੜ ਕਾਇਮ ਰਿਹਾ। ਇਸ ਤੋਂ ਬਾਅਦ ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਸਾਰਾ ਪਰਿਵਾਰ ਹੀ ਧਰਮ ਦੀ ਰੱਖਿਆ ਲਈ ਕੁਰਬਾਨ ਕਰ ਦਿੱਤਾ ਜਿਸ ਦੀ ਕਿਤੇ ਕੋਈ ਮਿਸਾਲ ਨਹੀਂ। ਲਾਹੌਰ ਵਿਖੇ ਰਾਵੀ ਦੇ ਕੰਢੇ ਪੰਜਵੇਂ ਨਾਨਕ ਗੁਰੂ ਅਰਜਨ ਸਾਹਿਬ ਜੀ ਦੀਆਂ ਪਾਵਨ ਖ਼ੂਨ ਦੀਆਂ ਬੂੰਦਾਂ ਡਿੱਗੀਆਂ ਸਨ, ਸਿੱਖੀ ਦਾ ਬੂਟਾ ਉਨ੍ਹਾਂ ਬੂੰਦਾਂ ਦੀ ਉਪਜ ਹੈ। ਬਾਬਾ ਬੰਦਾ ਸਿੰਘ ਬਹਾਦਰ ਅਤੇ ਅਨੇਕਾਂ ਸੂਰਮੇ ਇਸ ਸ਼ਹੀਦੀ ਗਾਥਾ ਦਾ ਸ਼ਿੰਗਾਰ ਬਣੇ।

ਇਤਿਹਾਸ ਗਵਾਹ ਹੈ ਕਿ ਨਗਾਰੇ ਦੀ ਚੋਟ ਨਾਲ ਜਦੋਂ ਸਿੰਘਾਂ ਦੇ ਸਿਰਾਂ ਦੇ ਮੁੱਲ ਪੈਣ ਲੱਗੇ ਤਦ ਵੀ ਸਿੰਘ ਜੰਗਲਾਂ ਵਿਚ ਗਾਉਂਦੇ ਫਿਰਦੇ ਸਨ ਕਿ ‘ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ’। ਸਿੱਖੀ ਸਰੂਪ ਵਿਚ ਕੇਸਾਂ ਦੀ ਬੜੀ ਮਹੱਤਤਾ ਤੇ ਮਹਾਨਤਾ ਬਣ ਗਈ। ਇਹੋ ਕਾਰਨ ਸੀ ਕਿ ਸਿੱਖ ਕੇਸਾਂ ਦੀ ਬੇਅਦਬੀ ਕਰਨ ਨਾਲੋਂ ਆਪਣੀ ਸ਼ਹਾਦਤ ਦੇਣਾ ਜ਼ਿਆਦਾ ਪਸੰਦ ਕਰਦੇ ਸਨ। ਆਪਣੇ ਕੇਸਾਂ ਨੂੰ ਉਹ ਪ੍ਰਾਣਾਂ ਤੋਂ ਵੱਧ ਪਿਆਰ ਕਰਦੇ ਸਨ।

18ਵੀਂ ਸਦੀ ਦੇ ਸ਼ਹੀਦਾਂ ਵਿਚੋਂ ਇਕ ਮਹਾਨ ਸਿੱਖ ਸ਼ਹੀਦ ਸਨ ਭਾਈ ਤਾਰੂ ਸਿੰਘ ਜੀ, ਜਿਨ੍ਹਾਂ ਨੇ ਖੋਪਰੀ ਉਤਰਵਾ ਲਈ ਪਰ ਨਾ ਧਰਮ ਬਦਲਿਆ ਅਤੇ ਨਾ ਹੀ ਕੇਸ ਕਤਲ ਕਰਵਾਏ। ਜਦੋਂ ਮੁਗਲ ਹਕੂਮਤ ਭਾਰਤ ਆਈ ਤਾਂ ਉਸ ਨੇ ਦੂਜੇ ਧਰਮਾਂ ਵਾਲਿਆਂ ’ਤੇ ਬਹੁਤ ਜ਼ੁਲਮ ਢਾਹੇ ਅਤੇ ਇਥੋਂ ਦੇ ਲੋਕਾਂ ਨੂੰ ਜ਼ਬਰੀ ਧਰਮ ਪਰਿਵਰਤਨ ਕਰਾ ਕੇ ਮੁਸਲਮਾਨ ਬਣਾਉਣ ਲਈ ਹਰ ਤਰ੍ਹਾਂ ਦੀਆਂ ਨੀਤੀਆਂ ਵਰਤੀਆਂ ਜਿਸ ਦੇ ਸ਼ਿਕਾਰ ਭਾਈ ਤਾਰੂ ਸਿੰਘ ਜੀ ਵੀ ਹੋਏ।

**ਸੁਰਿੰਦਰ ਸਿੰਘ ਰੂਬੀ**
**ਆਬਕਾਰੀ ਤੇ ਕਰ ਅਫ਼ਸਰ**
**(ਸੇਵਾ ਮੁਕਤ)**
**ਸਹਿ-ਸੰਪਾਦਕ**
**98141-28181**



ਭਾਈ ਤਾਰੂ ਸਿੰਘ ਜੀ ਦਾ ਜਨਮ 1720 ਈ. ਨੂੰ ਪਿਤਾ ਭਾਈ ਜੋਧ

ਸਿੰਘ ਜੀ ਦੇ ਗ੍ਰਹਿ ਪਿੰਡ ਪੂਹਲਾ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਆਪ ਜੀ ਦੇ ਪਿਤਾ ਭਾਈ ਜੋਧ ਸਿੰਘ ਜੀ ਵੀ ਮੁਗਲਾਂ ਨਾਲ ਜੂਝਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ। ਭਾਈ ਤਾਰੂ ਸਿੰਘ ਜੀ ਆਪਣੀ ਮਾਤਾ ਜੀ ਅਤੇ ਭੈਣ ਬੀਬੀ ਤਾਰੋ ਜੀ ਨਾਲ ਪਿੰਡ ਵਿਚ ਰਹਿੰਦੇ ਸੀ। ਭਾਈ ਤਾਰੂ ਸਿੰਘ ਜੀ ਦੀ ਮਾਤਾ ਜੀ ਦਾ ਗੁਰੂ ਸਾਹਿਬ 'ਤੇ ਬਹੁਤ ਵਿਸ਼ਵਾਸ਼ ਸੀ। ਮਾਤਾ ਜੀ ਨੇ ਆਪਣੇ ਬੱਚਿਆਂ ਨੂੰ ਲੋਰੀ ਵੀ ਗੁਰੂ ਸਾਹਿਬ ਜੀ ਦੀ ਬਾਣੀ ਦੀ ਹੀ ਦਿੱਤੀ। ਉਹ ਰੋਜ਼ ਗੁਰਬਾਣੀ ਦਾ ਪਾਠ ਕਰਦੇ ਅਤੇ ਲੋੜਵੰਦਾਂ ਦੀ ਮੱਦਦ ਕਰਦੇ।

1726 ਈ. ਵਿਚ ਜਦੋਂ ਜ਼ਕਰੀਆ ਖਾਨ ਪੰਜਾਬ ਦਾ ਸੂਬੇਦਾਰ ਨਿਯੁਕਤ ਹੋਇਆ ਤਾਂ ਉਸ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀ ਠਾਣ ਲਈ। ਉਹ ਸਿੱਖਾਂ ਦਾ ਕੱਟੜ ਵਿਰੋਧੀ ਸੀ। ਉਸ ਨੇ ਸਿੱਖਾਂ 'ਤੇ ਜ਼ੁਲਮ ਢਾਹੁਣ, ਜਿਉਂਦਾ ਜਾਂ ਮੁਰਦਾ ਫੜ ਕੇ ਲਿਆਉਣ ਲਈ ਕਈ ਤਰ੍ਹਾਂ ਦੇ ਇਨਾਮਾਂ ਦਾ ਐਲਾਨ ਕਰ ਦਿੱਤਾ। ਸਿੱਖਾਂ ਨੂੰ ਪਨਾਹ ਦੇਣ ਵਾਲੇ ਨੂੰ ਮੌਤ ਦੀ ਸਜ਼ਾ ਸੁਣਾਈ ਜਾਂਦੀ ਸੀ। ਸਿੱਖਾਂ ਦੇ ਘਰਾਂ ਨੂੰ ਲੁੱਟਣਾ, ਬਰਬਾਦ ਕਰਨਾ ਅਤੇ ਬਾਅਦ ਵਿਚ ਅੱਗ ਲਗਾ ਦੇਣ ਵਾਲੇ ਨੂੰ ਕੋਈ ਸਜ਼ਾ ਨਹੀਂ ਹੁੰਦੀ ਸੀ ਸਗੋਂ ਇਸ ਦੀ ਪੂਰੀ ਖੁਲ੍ਹ ਸੀ। ਜ਼ਕਰੀਆਂ ਖਾਨ ਨੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਲਈ ਕਈ ਮੁਖਬਰਾਂ ਦਾ ਜਾਲ ਵਿਛਾ ਦਿੱਤਾ। ਉਸ ਦੇ ਭਰੋਸੇਯੋਗ ਮੁਖਬਰਾਂ ਵਿਚੋਂ ਇਕ ਹਰਭਗਤ ਨਿਰੰਜਨੀਆ ਸੀ ਜਿਨ੍ਹਾਂ ਦੇ ਵਡੇਰਿਆਂ ਦੀ ਰੱਖਿਆ ਨੌਵੇਂ ਨਾਨਕ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਕੀਤੀ ਸੀ।

ਭਾਈ ਤਾਰੂ ਸਿੰਘ ਜੀ ਖੇਤੀਬਾੜੀ ਕਰਕੇ ਪਰਿਵਾਰ ਦਾ ਨਿਰਬਾਹ ਕਰਦੇ ਅਤੇ ਲੋੜ ਅਨੁਸਾਰ ਕੱਪੜੇ ਅਤੇ ਲੰਗਰ ਤਿਆਰ ਕਰਕੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਨੂੰ ਭਿਜਵਾਉਂਦੇ। ਸਿੱਖ ਉਸ ਸਮੇਂ ਜੰਗਲਾਂ ਵਿਚ ਰਹਿੰਦੇ ਸਨ ਅਤੇ ਉਥੇ ਹੀ ਜਥੇਬੰਦ ਹੋ ਕੇ ਮੌਕੇ ਅਨੁਸਾਰ ਹਕੂਮਤ ਨਾਲ ਟੱਕਰ ਲੈਂਦੇ ਸਨ। ਲੋਕ ਭਾਈ ਤਾਰੂ ਸਿੰਘ ਜੀ ਦਾ ਬਹੁਤ ਸਤਿਕਾਰ ਕਰਦੇ ਸਨ। ਜਦੋਂ ਹਰਭਗਤ ਨਿਰੰਜਨੀਏ ਨੂੰ ਪਤਾ ਲੱਗਾ ਕਿ ਭਾਈ ਤਾਰੂ ਸਿੰਘ ਭਾਈ ਮਹਿਤਾਬ ਸਿੰਘ ਮੀਰਾਂਕੋਟੀਏ ਦਾ ਮਿੱਤਰ ਹੈ ਅਤੇ ਜੰਗਲਾਂ ਵਿਚ ਰਹਿੰਦੇ ਸਿੱਖਾਂ ਦੀ ਮੱਦਦ ਕਰਦਾ ਹੈ ਤਾਂ ਉਸ ਨੇ ਜ਼ਕਰੀਆ ਖਾਨ ਪਾਸ ਮੁਖਬਰੀ ਕੀਤੀ ਅਤੇ ਹੋਰ ਕਈ ਝੂਠ-ਸੱਚ ਗੱਲਾਂ ਦੱਸੀਆਂ। ਜ਼ਕਰੀਆ ਖਾਨ ਨੇ ਸਿਪਾਹੀਆਂ ਨੂੰ ਹੁਕਮ ਕੀਤਾ ਕਿ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਲਿਆਇਆ ਜਾਵੇ। ਸਿਪਾਹੀਆਂ ਨੇ ਪਿੰਡ ਪੂਹਲੇ ਆ ਕੇ ਭਾਈ ਤਾਰੂ ਸਿੰਘ ਅਤੇ ਇਨ੍ਹਾਂ ਦੀ ਭੈਣ ਨੂੰ ਗ੍ਰਿਫ਼ਤਾਰ ਕਰ ਲਿਆ ਪਰ ਪਿੰਡ ਵਾਲਿਆਂ ਨੇ ਸਿਪਾਹੀਆਂ ਨੂੰ ਬਹੁਤ ਸਾਰੇ ਪੈਸੇ ਦੇ ਕੇ ਭਾਈ ਸਾਹਿਬ ਦੀ ਭੈਣ ਨੂੰ ਛੁਡਵਾ ਲਿਆ। ਭਾਈ ਸਾਹਿਬ ਨੂੰ ਲਾਹੌਰ ਜੇਲ੍ਹ ਵਿਚ ਬੰਦ ਕਰ ਦਿੱਤਾ ਗਿਆ।

ਜਦੋਂ ਭਾਈ ਸਾਹਿਬ ਨੂੰ ਜ਼ਕਰੀਆ ਖਾਨ ਕੋਲ ਪੇਸ਼ ਕੀਤਾ ਗਿਆ ਤਾਂ ਜ਼ਕਰੀਆ ਖਾਨ ਨੇ ਭਾਈ ਸਾਹਿਬ 'ਤੇ ਬਾਗੀਆਂ ਨੂੰ ਸ਼ਰਨ ਦੇਣ, ਜ਼ਰੂਰੀ ਚੀਜ਼ਾਂ ਦਾ ਪਹੁੰਚਾਉਣ ਆਦਿ ਦੇ ਦੋਸ਼ ਲਗਾਏ। ਭਾਈ ਸਾਹਿਬ ਨੇ ਨਿਧੜਕ ਹੋ ਕੇ ਨਵਾਬ ਨੂੰ ਕਿਹਾ ਕਿ ਅਸੀਂ ਜ਼ਮੀਨ ਦਾ ਮਾਲੀਆ ਤੇ ਵਪਾਰ ਦਾ ਟੈਕਸ ਦਿੰਦੇ ਹਾਂ। ਉਸ ਤੋਂ ਇਲਾਵਾ ਜੋ ਨਫ਼ਾ ਸਾਨੂੰ ਹੁੰਦਾ ਹੈ ਜਾਂ ਜੋ ਦਾਣਾ ਬਚਦਾ ਹੈ, ਅਸੀਂ ਆਪਣੇ ਤਨ ਨੂੰ ਭੁੱਖਾ ਰੱਖ ਕੇ ਲੋੜਵੰਦਾਂ ਦੀ ਭੁੱਖ ਦੂਰ ਕਰਦੇ ਹਾਂ। ਇਹ ਸੁਣ ਕੇ ਜ਼ਕਰੀਆ ਖਾਨ ਗੁੱਸੇ ਵਿਚ ਅੱਗ ਭਬੂਲਾ ਹੋ ਗਿਆ। ਹਾਕਮ ਭਾਈ ਸਾਹਿਬ ਨੂੰ ਹਰ ਹੀਲੇ ਦੀਨ-ਏ-ਮੁਹੰਮਦੀ ਵਿਚ ਲਿਆਉਣਾ ਚਾਹੁੰਦਾ ਸੀ ਤਾਂ ਕਿ ਸਿੱਖਾਂ ਦੀ ਦ੍ਰਿੜ੍ਹਤਾ ਨੂੰ ਕਮਜ਼ੋਰ ਕਰਕੇ ਅਤੇ ਇਸ ਦਾ ਪ੍ਰਚਾਰ ਕਰਕੇ ਹੋਰ ਸਿੱਖਾਂ ਨੂੰ ਧਰਮ ਤਬਦੀਲ ਕਰਨ ਲਈ ਜ਼ੋਰ ਪਾਇਆ ਜਾ ਸਕੇ। ਉਸ ਨੇ ਭਾਈ ਸਾਹਿਬ ਨੂੰ ਸਿੱਖਾਂ ਦੀ ਮੱਦਦ ਨਾ ਕਰਨ ਲਈ ਜ਼ੋਰ ਪਾਇਆ ਅਤੇ ਇਹ ਵੀ ਲਾਲਚ ਦਿੱਤਾ ਕਿ ਜੇ ਉਹ ਮੁਸਲਮਾਨ ਬਣ ਜਾਵੇ ਤਾਂ ਉਸ ਨੂੰ ਕਈ ਤਰ੍ਹਾਂ ਦੀਆਂ ਜਾਗੀਰਾ ਦਿੱਤੀਆਂ ਜਾਣਗੀਆਂ। ਭਾਈ ਤਾਰੂ ਸਿੰਘ ਜੀ ਨੂੰ ਸਿੱਖੀ ਵਿਚ ਅਟੱਲ ਵਿਸ਼ਵਾਸ ਸੀ ਅਤੇ ਉਨ੍ਹਾਂ ਨੇ ਜ਼ਕਰੀਆ ਖਾਨ ਦੀ ਕੋਈ ਵੀ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਨੇ ਗੁੱਸੇ ਵਿਚ ਆ ਕੇ ਕਾਜ਼ੀ ਕੋਲੋਂ ਦਰਬਾਰ ਵਿਚ ਫਤਵਾ ਜਾਰੀ ਕਰਵਾਇਆ ਕਿ ਭਾਈ ਸਾਹਿਬ ਜੀ ਦੇ ਕੇਸ ਕਤਲ ਕਰ ਦਿੱਤੇ ਜਾਣ ਜਿਸ 'ਤੇ ਭਾਈ ਤਾਰੂ ਸਿੰਘ ਜੀ ਨੇ ਜ਼ੋਰ ਨਾਲ ਵਿਰੋਧਤਾ ਜ਼ਾਹਿਰ ਕੀਤੀ ਅਤੇ ਕੇਸ ਕਟਵਾਉਣ ਤੋਂ ਇਨਕਾਰ ਕਰ ਦਿੱਤਾ। ਜ਼ਕਰੀਆ ਖਾਨ ਵੱਲੋਂ ਭਾਈ ਸਾਹਿਬ ਦੇ ਕੇਸ ਸਣੇ ਖੋਪਰੀ ਲਾਹ ਦੇਣ ਦਾ ਹੁਕਮ ਹੋਇਆ ਅਤੇ ਨਾਲ ਇਹ ਵੀ ਹੁਕਮ ਹੋਇਆ ਕਿ ਕੇਸ ਇਸ ਤਰ੍ਹਾਂ ਉਤਾਰੇ ਜਾਣ ਕਿ ਮੁੜ ਕੇ ਉੱਗ ਨਾ ਸਕਣ। ਜ਼ਾਲਮਾਂ ਨੇ ਭਾਈ ਸਾਹਿਬ ਦੀ ਖੋਪਰੀ ਰੰਬੀ ਨਾਲ ਉਤਾਰ ਕੇ ਸਿਰ ਤੋਂ ਵੱਖ ਕਰ ਦਿੱਤੀ ਪਰ ਭਾਈ ਸਾਹਿਬ ਨੇ ਮੁੱਖ ਤੋਂ ਸੀ ਨਹੀਂ ਕੀਤੀ। ਭਾਈ ਸਾਹਿਬ ਦੀ ਖੋਪਰੀ ਲਾਹੁਣ ਤੋਂ ਬਾਅਦ ਉਨ੍ਹਾਂ ਨੂੰ ਨਾਲ ਲੱਗਦੀ ਖਾਈ ਵਿਚ ਸੁੱਟ ਦਿੱਤਾ ਗਿਆ। ਸਿੰਘ ਉਥੇ ਪਿਆ ਗੁਰਬਾਣੀ ਪੜ੍ਹਦਾ ਰਿਹਾ। ਤੀਜੇ ਦਿਨ ਨਵਾਬ ਉਥੋਂ ਦੀ ਲੰਘਿਆ ਤਾਂ ਬਾਣੀ ਦੀ ਆਵਾਜ਼ ਸੁਣ ਕੇ ਬੋਲਿਆ ਓਇ ਸਿੱਖਾ ਤੂੰ ਮਰਿਆ ਨੀ? ਸਿੰਘ ਨੇ ਜਵਾਬ ਦਿੱਤਾ ਤੈਨੂੰ ਤੇ ਤੇਰੇ ਪੁੱਤਰ ਨੂੰ ਅੱਗੇ ਲਾ ਕੇ ਲੈ ਜਾਣ ਲਈ ਨਹੀਂ ਮਰਿਆ। ਅੱਠਵੇਂ ਦਿਨ ਨਵਾਬ ਦਾ ਪੁੱਤਰ ਅਹੀਆ ਖਾਂ ਸ਼ਿਕਾਰ ਖੇਡਣ ਗਿਆ ਤਾਂ ਘੋੜੇ ਉੱਤੋਂ ਡਿੱਗ ਕੇ ਪੈਰ ਰਕਾਬ ਵਿਚ ਫਸ ਕੇ ਘੜੀਸ ਹੁੰਦਾ ਹੁੰਦਾ ਮਰ ਗਿਆ। ਪੰਦਰ੍ਹਾਂ ਦਿਨਾਂ ਬਾਅਦ ਨਵਾਬ ਨੂੰ ਵੀ ਪਿਸ਼ਾਬ ਦਾ ਬੰਨ੍ਹ ਪੈ ਗਿਆ ਤਾਂ ਬੜੇ-ਬੜੇ ਹਕੀਮ, ਵੈਦ ਆਦਿ ਸੱਦੇ ਗਏ ਪਰ ਕੋਈ ਵਾਹ ਪੇਸ਼ ਨਾ ਗਈ। ਸਰਦਾਰ ਸੁਬੇਗ ਸਿੰਘ ਜੀ ਨੂੰ ਬੁਲਾਇਆ ਗਿਆ। ਸਰਦਾਰ ਸੁਬੇਗ ਸਿੰਘ ਜੀ ਭਾਈ ਤਾਰੂ ਸਿੰਘ ਜੀ ਪਾਸ ਗਏ ਤੇ ਬਚਨ ਵਾਪਸ ਲੈਣ ਲਈ ਕਿਹਾ। ਭਾਈ ਤਾਰੂ ਸਿੰਘ ਨੇ ਕਿਹਾ ਕਿ ਹੁਣ ਜ਼ਕਰੀਆ ਖਾਨ ਦੀ ਮੱਦਦ ਸਾਧ ਸੰਗਤ ਹੀ ਕਰ ਸਕਦੀ ਹੈ। ਫਿਰ ਖ਼ਾਲਸਾ ਨੇ ਨਿਰਣਾ ਕੀਤਾ ਕਿ ਜੇਕਰ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਨਵਾਬ ਦੇ ਸਿਰ 'ਤੇ ਲੱਗੇ ਤਾਂ ਪਿਸ਼ਾਬ ਆ ਸਕਦਾ ਹੈ। ਭਾਈ ਸੁਬੇਗ ਸਿੰਘ ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲੈ ਆਇਆ। ਜਿਵੇਂ-ਜਿਵੇਂ ਜੁੱਤੀ ਸਿਰ ਵਿਚ ਵੱਜਦੀ ਗਈ ਤਿਵੇਂ-ਤਿਵੇਂ ਨਵਾਬ ਦੇ ਪਿਸ਼ਾਬ ਦਾ ਬੰਨ੍ਹ ਟੁੱਟਦਾ ਗਿਆ। ਇਸ ਤਰ੍ਹਾਂ ਨਵਾਬ ਜੁੱਤੀਆਂ ਦੀ ਮਾਰ ਖਾਂਦਾ-ਖਾਂਦਾ ਮਰ ਗਿਆ। ਭਾਈ ਸਾਹਿਬ ਜੀ ਦੀ ਖੋਪਰੀ ਉਤਾਰੇ ਜਾਣ ਤੋਂ ਬਾਅਦ ਵੀ ਉਹ 22 ਦਿਨ ਜਿੰਦਾ ਰਹੇ ਅਤੇ ਬਾਣੀ ਦਾ ਜਾਪ ਕਰਦੇ ਰਹੇ। ਲਾਹੌਰ ਦਾ ਇਕ ਤਰਖਾਣ ਹਰ ਰੋਜ਼ ਆ ਕੇ ਹਲਦੀ ਦਾ ਲੇਪ ਬਣਾ ਕੇ ਭਾਈ ਸਾਹਿਬ ਦੇ ਸਿਰ 'ਤੇ ਬੰਨ੍ਹਦਾ ਰਿਹਾ। ਅਖੀਰ ਭਾਈ ਤਾਰੂ ਸਿੰਘ ਜੀ 1745 ਈ. ਨੂੰ ਸ਼ਹੀਦੀ ਪਾ ਗਏ। ਭਾਈ ਤਾਰੂ ਸਿੰਘ ਜੀ ਨੇ ਸਿੱਖੀ ਕੇਸਾਂ, ਸੁਆਸਾਂ ਨਾਲ ਨਿਭਾਈ। ਜਿਥੇ ਇਹ ਭਾਣਾ ਵਾਪਰਿਆ ਉਸ ਜਗ੍ਹਾ ਦਾ ਨਾਮ ਨਖਾਸ ਚੌਂਕ ਸੀ, ਜੋ ਅੱਜਕਲ੍ਹ ਲਾਹੌਰ ਰੇਲਵੇ ਸਟੇਸ਼ਨ ਦੇ ਬਿਲਕੁਲ ਸਾਹਮਣੇ ਹੈ। ਇਸ ਸਥਾਨ 'ਤੇ ਹੀ ਸ਼ਹੀਦ ਗੰਜ ਸਿੰਘਣੀਆਂ ਬਣਿਆ ਹੋਇਆ ਹੈ ਅਤੇ ਇਹ ਸਥਾਨ ਲੰਡਾ ਬਜ਼ਾਰ ਨਾਲ ਵੀ ਮਸ਼ਹੂਰ ਹੈ।

ਆਓ ਅਸੀਂ ਸਿੱਖ ਕੌਮ ਦੇ ਨੌਜਵਾਨਾਂ ਨੂੰ ਸਿੱਖੀ ਲਈ ਦਿੱਤੀਆਂ ਗਈਆਂ ਸ਼ਹੀਦੀਆਂ ਤੋਂ ਜਾਣੂੰ ਕਰਵਾਈਏ ਅਤੇ ਕੇਸਾਂ ਦੇ ਮਹੱਤਵ ਬਾਰੇ ਉਨ੍ਹਾਂ ਨੂੰ ਦੱਸੀਏ। ਸਿੱਖੀ ਨੂੰ ਕਾਇਮ ਰੱਖਣਾ ਹੀ ਸ਼ਹੀਦਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

# ਜੂਨ ਮਹੀਨੇ ਦੀਆਂ ਗਤੀਵਿਧੀਆਂ ਦੀ ਰਿਪੋਰਟ

## ਬਾਬਾ ਮੱਖਣ ਸ਼ਾਹ ਲੁਬਾਣਾ ਫ਼ਾਊਂਡੇਸ਼ਨ (ਰਜਿ:)
## ਸੈਕਟਰ 30-ਏ, ਚੰਡੀਗੜ੍ਹ



ਸਰਦਾਰਨੀ ਹਰਪ੍ਰੀਤ ਕੌਰ
ਪੇਲੀਆ (ਸਕੱਤਰ)

ਪਰਮ ਸਤਿਕਾਰਯੋਗ ਮੈਂਬਰ ਸਾਹਿਬਾਨ ਜੀਓ,

।। ਵਾਹਿਗੁਰੂ ਜੀ ਕਾ ਖਾਲਸਾ।।

।। ਵਾਹਿਗੁਰੂ ਜੀ ਕੀ ਫਤਹਿ।।

1. **ਫਾਊਂਡੇਸ਼ਨ ਦੀ ਆਮਦਨ ਅਤੇ ਖਰਚੇ ਦਾ ਵੇਰਵਾ** - ਪਿਛਲੀ ਰਿਪੋਰਟ ਦੀ ਲਗਾਤਾਰਤਾ ਵਿਚ ਮਈ-2023 ਅਤੇ ਜੂਨ-2023 ਸਬੰਧੀ ਫਾਊਂਡੇਸ਼ਨ ਦੇ ਆਮਦਨ ਅਤੇ ਖਰਚੇ ਦਾ ਕੁਲ ਵੇਰਵਾ ਜੋ ਕਿ ਵਿੱਤ ਸਕੱਤਰ ਵੱਲੋਂ ਤਿਆਰ ਕੀਤਾ ਗਿਆ ਹੈ, ਹੇਠ ਲਿਖੇ ਮੁਤਾਬਿਕ ਹੈ -

| | | |
|---|---|---|
| **ਮਹੀਨੇ ਦੀ ਕੁੱਲ ਆਮਦਨ (ਰੁਪਏ)** | **ਮਈ** - 450721 | **ਜੂਨ** - 479870 |
| **ਮਹੀਨੇ ਦਾ ਕੁੱਲ ਖਰਚਾ (ਰੁਪਏ)** | **ਮਈ** - 487153 | **ਜੂਨ** - 348889 |

2. **ਲੁਬਾਣਾ ਸੇਵਕ ਮੈਗਜ਼ੀਨ ਬਾਰੇ** - ਜੂਨ 2023 ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ 31-05-2023 ਨੂੰ ਤਿਆਰ ਹੋ ਗਿਆ ਸੀ। ਸਾਰੇ ਲੁਬਾਣਾ ਸੇਵਕ ਮੈਂਬਰਾਂ ਨੂੰ ਮੈਗਜ਼ੀਨ ਭੇਜਣ ਤੋਂ ਇਲਾਵਾ 570 ਤਕਰੀਬਨ ਮੈਗਜ਼ੀਨ ਦੀ ਵਾਧੂ ਛਪਵਾਈ ਕਰਵਾਈ ਗਈ ਸੀ। ਇਹ ਵਾਧੂ ਮੈਗਜ਼ੀਨ ਨੂੰ ਪ੍ਰਧਾਨ ਜੀ ਇੰਜ. ਹਰਭਜਨ ਸਿੰਘ, ਡਿਪਟੀ ਚੀਫ਼ ਇੰਜ. (ਰਿਟਾ.) ਦੇ ਅਗਾਂਹੂ ਉੱਦਮ ਸਦਕਾ ਸ. ਸੁਰਿੰਦਰ ਸਿੰਘ ਰੂਬੀ, ਈ.ਟੀ.ਓ. (ਰਿਟਾ.), ਸਹਿ-ਸੰਪਾਦਕ ਲੁਬਾਣਾ ਸੇਵਕ ਅਤੇ ਇੰਜ. ਬਲਜੀਤ ਸਿੰਘ ਭਗਤਾਨਾ, ਜੀ.ਐਮ. (ਰਿਟਾ.) ਕਾਰਜਕਾਰੀ ਮੈਂਬਰ ਦੇ ਸਹਿਯੋਗ ਨਾਲ ਮਿਤੀ 1, 2, ਅਤੇ 3 ਜੂਨ 2023 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਦੀ 73ਵੀਂ ਬਰਸੀ ਮੌਕੇ ਡੇਰਾ ਬੇਗੋਵਾਲ ਵਿਖੇ ਸੰਗਤਾਂ ਨੂੰ ਭੇਟ ਕੀਤੇ ਗਏ। ਇਸ ਕੰਮ ਦੀ ਸੰਗਤਾਂ ਵੱਲੋਂ ਕਾਫੀ ਸ਼ਲਾਘਾ ਕੀਤੀ ਗਈ ਅਤੇ ਦਿਲਚਸਪੀ ਦਿਖਾਈ ਗਈ। ਕਿਉਂਕਿ ਇਸ ਅੰਕ ਵਿਚ ਡੇਰੇ ਨਾਲ ਸਬੰਧਤ ਪਹਿਲੇ ਸਮਿਆਂ ਤੋਂ ਸ਼ਖ਼ਸ਼ੀਅਤਾਂ ਦੇ ਸੰਖੇਪ ਰੂਪ ਵਿਚ ਵੇਰਵੇ ਦਿੱਤੇ ਗਏ ਹਨ। ਮੌਜੂਦਾ ਪੀੜ੍ਹੀ ਨੂੰ ਇਹ ਵਡਮੁੱਲੀ ਜਾਣਕਾਰੀ ਉਪਲੱਬਧ ਕਰਵਾਈ ਗਈ। "ਬਾਬਾਣੀਆ ਕਹਾਣੀਆ ਪੁੱਤ ਸਪੁੱਤ ਕਰੇਨ" ਤਾਂ ਹੀ ਪਿਛੋਕੜ ਇਤਿਹਾਸ ਜਿੰਦਾ ਰਹਿੰਦਾ ਹੈ ਅਤੇ ਅੱਗੇ ਤੋਂ ਨਵੀਂ ਪੀੜ੍ਹੀ ਕੋਲ ਲੋੜੀਂਦੀ ਜਾਣਕਾਰੀ ਮਿਲਦੀ ਹੈ। ਅਗਾਂਹ ਤੋਂ ਵੀ ਇਸ ਤਰ੍ਹਾਂ ਦੇ ਹੋਰ ਸਮਾਗਮਾਂ ਸਮੇਂ ਉਪਰਾਲੇ ਕੀਤੇ ਜਾਣਗੇ, ਜਿਸ ਨਾਲ ਸਮਾਜ, ਬਰਾਦਰੀ, ਕੌਮ ਅਤੇ ਆਪਸੀ ਭਾਈਚਾਰੇ ਨੂੰ ਚੰਗੇ ਸੁਚਾਰੂ ਜੀਵਨ ਦੀ ਸੇਧ ਮਿਲ ਸਕੇ।

3. **ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਦੀ 73ਵੀਂ ਬਰਸੀ ਬਾਰੇ** - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਦੇ ਗੁਰੂ ਘਰ ਵਿਖੇ ਮਿਤੀ 25-06-2023 ਨੂੰ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇ ਵਾਲੇ ਦੀ ਬਰਸੀ ਦੇ ਸੰਬੰਧ ਵਿਚ ਗੁਰਮਤਿ ਸਮਾਗਮ ਕਰਵਾਏ ਗਏ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੀ ਸਮਾਪਤੀ ਉਪਰੰਤ ਕੀਰਤਨ ਦਰਬਾਰ ਅਤੇ ਕਥਾ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ। ਅਰਦਾਸ ਉਪਰੰਤ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੀਆਂ ਸ਼ਖ਼ਸ਼ੀਅਤਾਂ ਵੱਲੋਂ ਵੱਡਮੁੱਲੇ ਵਿਚਾਰ ਸੰਗਤਾਂ ਵਿਚ ਸਾਂਝੇ ਕੀਤੇ ਗਏ ਜਿਸ ਵਿਚ ਸ. ਹਰਭਜਨ ਸਿੰਘ ਪ੍ਰਧਾਨ ਸਾਹਿਬ ਜੀ, ਸ. ਪ੍ਰੀਤਮ ਸਿੰਘ

ਨਾਰੰਗਪੁਰ ਸਾਬਕਾ ਪ੍ਰਧਾਨ, ਸ. ਭਗਤ ਸਿੰਘ ਆਈ.ਏ.ਐਸ. (ਰਿਟਾ.) ਸਾਬਕਾ ਪ੍ਰਧਾਨ, ਸ. ਗੁਰਚਰਨ ਸਿੰਘ ਸਾਬਕਾ ਪ੍ਰਧਾਨ, ਸ. ਹੁਕਮ ਸਿੰਘ ਮੁਲਤਾਨੀ ਐਡਵੋਕੇਟ ਅਤੇ ਗਿਆਨੀ ਕੁਲਵਿੰਦਰ ਸਿੰਘ ਭੋਗਪੁਰ ਵਾਲੇ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ ਅਤੇ ਵਿਚਾਰ ਸਾਂਝੇ ਕੀਤੇ। ਇਸ ਸਮੇਂ ਸੰਗਤਾਂ ਦਾ ਚੰਗਾ ਇਕੱਠ ਸੀ।

ਸੰਤ ਬਾਬਾ ਪ੍ਰੇਮ ਸਿੰਘ ਜੀ ਮਹਾਨ ਤਪੱਸਵੀ, ਮਿੱਠ ਬੋਲੜੇ, ਕਰਮਯੋਗੀ, ਦੂਰਦਰਸ਼ੀ, ਧਾਰਮਿਕ ਆਗੂ, ਵਿਦਿਆ ਦਾਨੀ, ਰਾਜਸੀ ਸਾਫ਼ ਸ਼ਖ਼ਸ਼ੀਅਤ ਅਤੇ ਸਮਾਜ ਸੁਧਾਰਕ ਰਹੇ ਹਨ। ਉਨ੍ਹਾਂ ਨੇ ਸਿੱਖ ਕੌਮ ਅਤੇ ਖਾਸਕਰ ਲੁਬਾਣਾ ਬਰਾਦਰੀ ਨੂੰ ਉੱਪਰ ਚੁੱਕਣ ਲਈ ਧਰਮ ਪ੍ਰਚਾਰ, ਸਮਾਜ ਸੁਧਾਰ ਅਤੇ ਵਿਦਿਆ ਦੇ ਖੇਤਰ ਵਿਚ ਬੜੀ ਅਦੁੱਤੀ ਅਤੇ ਮਾਨਮੱਤੀ ਦੇਣ ਦਿੱਤੀ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਏ ਪੂਰਨਿਆਂ ਤੇ ਚੱਲ ਕੇ ਹੀ ਉਨ੍ਹਾਂ ਪ੍ਰਤੀ ਸ਼ਰਧਾ ਦੇ ਫੁੱਲ ਭੇਟ ਕਰਕੇ ਇਸ ਸੰਸਾਰ ਵਿਚ ਲਾਹਾ ਲਿਆ ਜਾ ਸਕਦਾ ਹੈ।

ਉਪਰੋਕਤ ਤੋਂ ਇਲਾਵਾ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਬਰਸੀ ਅਤੇ ਯਾਦ ਵਿਚ 4 ਜੂਨ 2023 ਨੂੰ ਬਾਬਾ ਮੱਖਣ ਸ਼ਾਹ ਲੁਬਾਣਾ ਗੁਰੂ ਘਰ ਪਿਹੋਵਾ, ਜ਼ਿਲ੍ਹਾ ਕੁਰੂਕਸ਼ੇਤਰ ਵਿਖੇ, 11 ਜੂਨ 2023 ਨੂੰ ਮਕਸੂਦਾਂ (ਜਲੰਧਰ) ਵਿਖੇ, 18 ਜੂਨ 2023 ਬਾਬਾ ਮੱਖਣ ਸ਼ਾਹ ਲੁਬਾਣਾ ਭਵਨ 66 ਫੁੱਟ ਰੋਡ, ਜਲੰਧਰ ਵਿਖੇ ਵੀ ਗੁਰਮਤਿ ਸਮਾਗਮ ਹੋਏ ਹਨ। ਇਸ ਤਰ੍ਹਾਂ ਦੇਸ਼ਾਂ-ਵਿਦੇਸ਼ਾਂ ਵਿਚ ਵੀ ਸੰਤ ਬਾਬਾ ਪ੍ਰੇਮ ਸਿੰਘ ਜੀ ਦੀ ਯਾਦ ਵਿਚ ਉਹਨਾਂ ਵੱਲੋਂ ਕੀਤੇ ਪਰਉਪਕਾਰੀ ਕੰਮਾਂ ਕਰਕੇ ਸਮਾਗਮ ਹੁੰਦੇ ਹਨ।

ਇਸ ਸਮੇਂ ਸਨਮਾਨਯੋਗ ਮੈਂਬਰਾਂ, ਕੀਰਤਨੀ ਜਥੇ, ਕਥਾਵਾਚਕ ਨੂੰ ਗੁਰੂ ਘਰ ਦੀ ਬਖ਼ਸ਼ਿਸ਼ ਸਿਰੋਪਾਓ ਸਾਹਿਬ ਨਾਲ ਸਨਮਾਨਿਤ ਕੀਤਾ ਗਿਆ। ਗੁਰੂ ਦਾ ਲੰਗਰ ਅਤੁੱਟ ਵਰਤਿਆ।

4. **ਭਾਈ ਮਨੀ ਸਿੰਘ ਬਲਾਕ ਦੀ ਫਾਇਰ ਫਾਈਟਿੰਗ ਦੀ ਐਨ.ਓ.ਸੀ. ਬਾਰੇ** - ਇਸ ਸੰਬਧ ਵਿਚ ਐਨ.ਓ.ਸੀ. ਪ੍ਰਾਪਤ ਕਰਨ ਲਈ ਲੋੜੀਂਦੀ ਕਾਰਵਾਈ ਅਤੇ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਮੀਦ ਹੈ ਕਿ ਹੁਣ ਇਹ ਕੰਮ ਨੇੜੇ ਭਵਿੱਖ ਵਿਚ ਛੇਤੀ ਕਰਨ ਲਈ ਕਦਮ ਚੁੱਕੇ ਜਾਣਗੇ।

5. **ਆਸਾੜ ਮਹੀਨੇ ਦੀ ਸੰਗਰਾਂਦ ਸੰਬੰਧੀ** - ਅਸਾੜ ਮਹੀਨੇ "ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ॥ ਆਸਾੜੁ ਸੁੰਹਦਾ ਤਿਸ ਲਗੈ ਜਿਸ ਮਨਿ ਹਰਿ ਚਰਣ ਨਿਵਾਸ॥" ਆਸਾੜ ਮਹੀਨੇ ਦੀ ਸੰਗਰਾਂਦ ਸਮੇਂ ਪ੍ਰਧਾਨ ਇੰਜ. ਹਰਭਜਨ ਸਿੰਘ ਜੀ ਨੇ ਸਭ ਨੂੰ ਵਧਾਈ ਦਿੰਦੇ ਹੋਏ ਅੱਗੇ ਨਾਲੋਂ ਸੰਗਤ ਦੀ ਆਮਦ ਵਿਚ ਵਾਧਾ ਵੇਖ ਕੇ ਕਿਹਾ ਕਿ ਚੰਡੀਗੜ੍ਹ, ਮੁਹਾਲੀ, ਪੰਚਕੂਲਾ ਅਤੇ ਆਸਪਾਸ ਦੇ ਖੇਤਰਾਂ ਵਿਚੋਂ ਵੱਧ ਚੜ੍ਹ ਕੇ ਹਾਜ਼ਰੀ ਭਰਨੀ ਚਾਹੀਦੀ ਹੈ ਅਤੇ ਇੰਨੇ ਮੈਂਬਰਾਂ ਵਿਚੋਂ ਘੱਟੋ-ਘੱਟ 400-500 ਦੀ ਹਾਜ਼ਰੀ ਬਣਦੀ ਹੈ। ਇਹੋ ਜਿਹੇ ਦਿਹਾੜੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ ਅਤੇ ਸੰਗਤ ਜੁੜ ਕੇ ਹੀ ਨਵੀਆਂ ਅਤੇ ਉਸਾਰੀ ਵਿਚਾਰਾਂ ਕਰਕੇ ਕੰਮ ਕਰ ਸਕਦੇ ਹਨ।

6. **ਮੈਡੀਕਲ ਮੋਬਾਇਲ ਵੈਨ** - ਹਾਲ ਦੀ ਘੜੀ ਮੈਡੀਕਲ ਵੈਨ ਦੇ ਚਾਲੂ ਹੋਣ ਵਿਚ ਦੇਰੀ ਹੋ ਰਹੀ ਹੈ ਜਿਸ ਨੂੰ ਵਿਚਾਰ ਕਰਕੇ ਚਾਲੂ ਕਰਨ ਦੀ ਕੋਸ਼ਿਸ਼ ਕੀਤੀ ਜਾਵੇਗੀ।


7. **ਡੈਂਟਲ ਕਲੀਨਿਕ ਦੀ ਰਿਪੋਰਟ** - ਜੂਨ 2023 ਮਹੀਨੇ ਵਿਚ ਤਕਰੀਬਨ 35 ਵਾਰ ਲਾਭ ਪਾਤਰੀ ਮਰੀਜ਼ਾਂ ਨੇ ਸੇਵਾਵਾਂ ਲਈਆਂ ਹਨ। ਉਮੀਦ ਹੈ ਕਿ ਆਉਂਦੇ ਸਮੇਂ ਵਿਚ ਹੋਰ ਵਾਧਾ ਹੋਵੇਗਾ।

8. **ਬੁਕਿੰਗ ਲਈ ਸੰਪਰਕ** - ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਵਿਖੇ ਬੁਕਿੰਗ ਜਾਂ ਹੋਰ ਜਾਣਕਾਰੀ ਅਤੇ ਸੰਪਰਕ ਕਰਨ ਲਈ ਮੋਬਾਇਲ ਫ਼ੋਨ ਦੀ ਉਪਲਬਧੀ ਹੈ ਜਿਸ ਦਾ ਨੰਬਰ ਹੈ **73470-65188**. ਇਸ ਮੋਬਾਇਲ ਸਹੂਲਤ ਨੂੰ ਵਧੇਰੇ ਕਾਰਗਰ ਕਰਨ ਲਈ ਪ੍ਰਧਾਨ ਜੀ ਦੇ ਹੁਕਮ ਅਨੁਸਾਰ ਇਕ ਹੋਰ ਮੋਬਾਇਲ ਵੀ ਚਾਲੂ ਕੀਤਾ ਗਿਆ ਹੈ। ਜਿਸ ਰਾਹੀਂ ਸੰਪਰਕ ਕਰਨ ਵਿਚ ਆਸਾਨ ਸਹੂਲਤ ਹੋਵੇਗੀ, ਇਸ ਮੋਬਾਇਲ ਦਾ ਨੰਬਰ ਹੈ **98768-11137**. ਮੈਂਬਰ ਅਤੇ ਹੋਰ ਸੱਜਣ ਇਸ ਦਾ ਲਾਭ ਲੈਣ।

**ਸ਼ਹੀਦੀ ਦਿਹਾੜੇ 'ਤੇ ਵਿਸ਼ੇਸ਼**

# ਆਜ਼ਾਦੀ ਦਾ ਪ੍ਰਵਾਨਾ ਸ਼ਹੀਦ ਊਧਮ ਸਿੰਘ

ਪੰਜਾਬ ਦੀ ਧਰਤੀ ਨੂੰ ਗੁਰੂਆਂ, ਪੀਰਾਂ, ਯੋਧਿਆਂ ਅਤੇ ਸ਼ਹੀਦਾਂ ਦੀ ਧਰਤੀ ਹੋਣ ਦਾ ਮਾਣ ਹਾਸਲ ਹੈ। ਇਸ ਧਰਤੀ 'ਤੇ ਅਨੇਕਾਂ ਯੋਧਿਆਂ ਨੇ ਜਨਮ ਲਿਆ ਅਤੇ ਗੁਰੂ ਮਹਾਰਾਜ ਦੇ ਹੁਕਮ ਅਨੁਸਾਰ ਆਪੋ ਆਪਣਾ ਫਰਜ਼ ਨਿਭਾ ਕੇ ਰੁਖਸਤ ਹੋਏ। ਇਸ ਧਰਤੀ ਨੇ ਅਜਿਹੇ ਸੂਰਮਿਆਂ ਨੂੰ ਜਨਮ ਦਿੱਤਾ, ਜਿਨ੍ਹਾਂ ਦੇਸ਼ ਨੂੰ ਆਜ਼ਾਦ ਕਰਾਉਣ ਦੀ ਖ਼ਾਤਰ ਹੱਸਦਿਆਂ-ਹੱਸਦਿਆਂ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। ਫ਼ਾਂਸੀ ਚੜ੍ਹਨ ਲੱਗਿਆਂ ਫ਼ਾਸੀ ਦੇ ਰੱਸੇ ਨੂੰ ਚੁੰਮਦਿਆਂ ਆਪਣੇ ਗਲ ਵਿਚ ਆਪਣੇ ਹੱਥੀਂ ਆਪ ਪਾਇਆ ਅਤੇ ਲਾੜੀ ਸਮਝਿਆ। ਇਹੋ ਜਿਹੇ ਸ਼ਹੀਦਾਂ ਵਿਚੋਂ ਹੀ ਇਕ ਮਹਾਨ ਯੋਧਾ ਸੀ ਸ਼ਹੀਦ ਊਧਮ ਸਿੰਘ।



ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਈ: ਨੂੰ ਸੁਨਾਮ (ਪੰਜਾਬ) ਵਿਚ ਸ: ਟਹਿਲ ਸਿੰਘ ਦੇ ਘਰ ਹੋਇਆ। ਸ: ਟਹਿਲ ਸਿੰਘ ਰੇਲਵੇ ਫਾਟਕ 'ਤੇ ਡਿਊਟੀ ਕਰਦਾ ਸੀ। ਊਧਮ ਸਿੰਘ ਦੇ ਬਚਪਨ ਦਾ ਨਾਂਅ ਸ਼ੇਰ ਸਿੰਘ ਸੀ ਅਤੇ ਉਸ ਦਾ ਇਕ ਭਰਾ ਮੁਕਤਾ ਸਿੰਘ ਸੀ। ਸ਼ੇਰ ਸਿੰਘ ਅਤੇ ਉਸ ਦੇ ਭਰਾ 'ਤੇ ਮੁਸੀਬਤਾਂ ਦਾ ਪਹਾੜ ਉਸ ਵੇਲੇ ਡਿੱਗਾ ਜਦੋਂ ਉਨ੍ਹਾਂ ਦੇ ਮਾਤਾ-ਪਿਤਾ ਬਚਪਨ ਵਿਚ ਹੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਸ਼ੇਰ ਸਿੰਘ ਦੀ ਉਮਰ ਕੇਵਲ 7 ਸਾਲ ਸੀ 24 ਅਕਤੂਬਰ, 1907 ਨੂੰ ਸ਼ੇਰ ਸਿੰਘ ਅਤੇ ਉਸ ਦਾ ਭਰਾ ਮੁਕਤਾ ਸਿੰਘ ਅੰਮ੍ਰਿਤਸਰ ਦੇ ਸੈਂਟਰਲ ਖ਼ਾਲਸਾ ਯਤੀਮਖਾਨੇ ਪਹੁੰਚ ਗਏ। ਯਤੀਮਖਾਨੇ ਦੇ ਨਿਯਮਾਂ ਅਨੁਸਾਰ ਸ਼ੇਰ ਸਿੰਘ ਦਾ ਨਾਂਅ ਬਦਲ ਕੇ ਊਧਮ ਸਿੰਘ ਅਤੇ ਮੁਕਤਾ ਸਿੰਘ ਦਾ ਨਾਂਅ ਬਦਲ ਕੇ ਸਾਧੂ ਸਿੰਘ ਰੱਖ ਦਿੱਤਾ ਗਿਆ। ਦੁਨੀਆ ਵਿਚ ਮੌਜੂਦ ਖ਼ੂਨ ਦਾ ਇਕੋ-ਇਕ ਰਿਸ਼ਤਾ ਵੀ ਉਸ ਵੇਲੇ ਖ਼ਤਮ ਹੋ ਗਿਆ ਜਦੋਂ 1917 ਵਿਚ ਸਾਧੂ ਸਿੰਘ ਦੀ ਮੌਤ ਹੋ ਗਈ।

13 ਅਪ੍ਰੈਲ, 1919 ਈ. ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲੇ ਬਾਗ ਵਿਚ ਸ਼ਾਂਤੀਪੂਰਵਕ ਇਕੱਠੇ ਹੋਏ ਨਿਹੱਥੇ ਲੋਕਾਂ ਦੇ ਭਾਰੀ ਇਕੱਠ ਉੱਪਰ ਜਨਰਲ ਰੀਜਨਲਡ ਐਡਵਰ ਹੈਰੀ ਡਾਇਰ ਦੁਆਰਾ ਅੰਨ੍ਹੇਵਾਹ ਗੋਲੀਆਂ ਦੀ ਬੁਛਾਰ ਕੀਤੀ ਗਈ। ਇਸ ਇਕੱਠ ਵਿਚ ਸ਼ਾਮਿਲ ਮਾਸੂਮ ਬੱਚੇ, ਬਜ਼ੁਰਗ, ਮਰਦ ਅਤੇ ਔਰਤਾਂ ਵਿਚ ਗੋਲੀਆਂ ਚੱਲਣ ਕਾਰਨ ਭੱਜ-ਦੌੜ ਮਚ ਗਈ। ਤਰਾਸਦੀ ਇਹ ਸੀ ਕਿ ਜਲ੍ਹਿਆਂਵਾਲੇ ਬਾਗ ਦਾ ਇਕ ਹੀ ਦਰਵਾਜ਼ਾ ਹੋਣ ਕਾਰਨ ਲੋਕ ਆਪਣੀਆਂ ਜਾਨਾਂ ਨਾ ਬਚਾਅ ਪਾਏ। ਬਹੁਤ ਸਾਰੇ ਲੋਕਾਂ ਨੇ ਖੂਹ ਵਿਚ ਛਾਲਾਂ ਮਾਰ ਦਿੱਤੀਆ ਅਤੇ ਇਕ ਹਜ਼ਾਰ ਤੋਂ ਵੱਧ ਮਜ਼ਲੂਮ ਲੋਕ ਗੋਲੀਆਂ ਦਾ ਸ਼ਿਕਾਰ ਹੋ ਗਏ। ਜਲ੍ਹਿਆਂਵਾਲੇ ਬਾਗ ਦੀਆਂ ਕੰਧਾਂ 'ਤੇ ਮੌਜੂਦ ਗੋਲੀਆਂ ਦੇ ਨਿਸ਼ਾਨ ਅੱਜ ਵੀ ਉਸ ਦਿਲ-ਕੰਬਾਊ ਘਟਨਾ ਦਾ ਪ੍ਰਤੱਖ ਪ੍ਰਮਾਣ ਹਨ। ਇਸ ਅਣਮਨੁੱਖੀ ਘਟਨਾ ਦੀ ਖਬਰ ਜੰਗਲ ਦੀ ਅੱਗ ਵਾਂਗ ਚਾਰ-ਚੁਫ਼ੇਰੇ ਫੈਲਣ ਦੇ ਨਾਲ-ਨਾਲ ਸੱਤ ਸਮੁੰਦਰ ਪਾਰ ਦੁਨੀਆ ਦੇ ਕੋਨੇ-ਕੋਨੇ ਵਿਚ ਪਹੁੰਚ ਗਈ। ਇਸ ਮੰਦਭਾਗੀ ਘਟਨਾ ਦੇ ਕਾਰਨ ਨੌਜਵਾਨ ਵਰਗ ਵਿਚ ਬਗ਼ਾਵਤ ਦੀ ਲਹਿਰ ਹੋਰ ਜ਼ੋਰ ਫੜ ਗਈ। ਇਨ੍ਹਾਂ ਨੌਜਵਾਨਾਂ ਵਿਚੋਂ ਹੀ ਇਕ ਨਾਂਅ ਸ਼ਹੀਦ ਊਧਮ ਸਿੰਘ ਦਾ ਸੀ, ਜਿਸ ਦੇ ਦਿਲ-ਦਿਮਾਗ 'ਤੇ ਇਸ ਘਟਨਾ ਨੇ ਬਹੁਤ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਬਦਲੇ ਦੀ ਚਿਣਗ ਨੂੰ ਦਿਲ ਵਿਚ ਲੈ ਆਜ਼ਾਦੀ ਦੇ ਰਾਹ 'ਤੇ ਤੁਰ ਪਿਆ।

1920 ਵਿਚ ਊਧਮ ਸਿੰਘ ਭਾਰਤ ਨੂੰ ਛੱਡ ਅਮਰੀਕਾ ਚਲਿਆ ਗਿਆ। ਊਧਮ ਸਿੰਘ ਦੇ ਜੀਵਨ ਉੱਪਰ ਸ: ਭਗਤ ਸਿੰਘ ਦਾ ਬਹੁਤ ਜ਼ਿਆਦਾ ਪ੍ਰਭਾਵ ਪਿਆ। ਉਹ ਸ: ਭਗਤ ਸਿੰਘ ਦੀ ਤਰ੍ਹਾਂ ਹੀ ਗਰਮ ਖਿਆਲੀ ਕ੍ਰਾਂਤੀਕਾਰੀ ਸੀ। ਊਧਮ ਸਿੰਘ ਸੰਨ 1924 ਵਿਚ ਵਿਦੇਸ਼ਾਂ ਵਿਚ ਭਾਰਤ ਦੀ ਆਜ਼ਾਦੀ ਦੀ ਲੜਾਈ ਲੜਨ ਵਾਲੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋ ਗਿਆ। ਸ: ਭਗਤ ਸਿੰਘ ਦੇ ਕਹਿਣ ਉੱਤੇ 27 ਜੁਲਾਈ, 1927 ਨੂੰ ਊਧਮ ਸਿੰਘ ਆਪਣੇ ਸਾਥੀਆਂ ਅਤੇ ਕੁਝ ਅਸਲ੍ਹੇ ਸਮੇਤ ਭਾਰਤ ਵਾਪਸ ਆ ਗਿਆ। 30 ਅਗਸਤ, 1927 ਨੂੰ ਗੈਰ-ਕਾਨੂੰਨੀ ਅਸਲ੍ਹਾ ਰੱਖਣ ਦੇ ਦੋਸ਼ ਵਿਚ ਊਧਮ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ, ਜਿਸ ਵਿਚ ਉਸ ਨੂੰ 4 ਸਾਲ ਦੀ ਕੈਦ ਹੋ ਗਈ। ਜਦੋਂ ਭਗਤ ਸਿੰਘ ਨੂੰ ਫ਼ਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜੇਲ੍ਹ ਵਿਚ ਸੀ। ਸੰਨ 1931 ਵਿਚ ਆਪਣੀ ਸਜ਼ਾ ਪੂਰੀ ਕਰ ਜਦੋਂ ਊਧਮ ਸਿੰਘ ਜੇਲ੍ਹ ਵਿਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ। ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਕੀਤਾ

ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ, ਜਿੱਥੇ ਉਸ ਨੇ ਪੇਂਟਰ ਦੀ ਦੁਕਾਨ ਖੋਲ੍ਹੀ। ਇਸ ਦੁਕਾਨ ਦਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਂਅ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁੰਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੀ ਚੰਗਿਆੜੀ ਜੋ 20 ਸਾਲ ਤੱਕ ਊਧਮ ਸਿੰਘ ਦੇ ਸੀਨੇ ਵਿਚ ਧੁਖਦੀ ਰਹੀ, ਇਕ ਭਿਆਨਕ ਅੱਗ ਦਾ ਰੂਪ ਅਖ਼ਤਿਆਰ ਕਰ ਚੁੱਕੀ ਸੀ।



ਆਖਰਕਾਰ 13 ਮਾਰਚ, 1940 ਨੂੰ ਉਹ ਦਿਨ ਆ ਗਿਆ, ਜਿਸ ਦੀ ਊਧਮ ਸਿੰਘ 20 ਸਾਲਾਂ ਤੋਂ ਉਡੀਕ ਕਰ ਰਿਹਾ ਸੀ। 13 ਮਾਰਚ, 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿਚ ਸਫ਼ਲ ਹੋਇਆ। ਜਦੋਂ ਮਾਈਕਲ ਅਡਵਾਇਰ ਜੋ ਜਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ, ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉੱਪਰ ਦਾ.ਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਅਡਵਾਇਰ ਜ਼ਮੀਨ ਉੱਪਰ ਡਿੱਗ ਪਿਆ ਤੇ ਉਸ ਦੀ ਮੌਕੇ ’ਤੇ ਹੀ ਮੌਤ ਹੋ ਗਈ  ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ, ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿਚ ਜ਼ਖ਼ਮੀ ਹੋ ਗਿਆ। ਸ਼ਹੀਦ ਊਧਮ ਸਿੰਘ ਦੁਆਰਾ ਮਾਈਕਲ ਅਡਵਾਇਰ ਦਾ ਕਤਲ ਕਰਨ ਤੋਂ ਬਾਅਦ ਆਪਣੇ ਜੁਰਮ ਦਾ ਇਕਬਾਲ ਕਰਨਾ ਉਸ ਦੀ ਸੂਰਬੀਰਤਾ ਦੀ ਨਿਸ਼ਾਨੀ ਸੀ। ਗ੍ਰਿਫ਼ਤਾਰੀ ਸਮੇਂ ਊਧਮ ਸਿੰਘ ਇਹੀ ਕਹਿ ਰਿਹਾ ਸੀ ਕਿ ਉਸ ਨੇ ਆਪਣੇ ਦੇਸ਼ ਪ੍ਰਤੀ ਆਪਣਾ ਫ਼ਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸ ਦਾ ਨਾਂਅ ਪੁੱਛਿਆ ਗਿਆ ਤਾਂ ਊਧਮ ਸਿੰਘ ਨੇ ਆਪਣਾ ਨਾਂਅ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ।

ਸ਼ਹੀਦ ਊਧਮ ਸਿੰਘ ਵਲੋਂ ਮਾਈਕਲ ਅਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖ਼ਬਾਰਾਂ ਵਿਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖ਼ਬਾਰ ‘ਦੀ ਟਾਈਮਜ਼ ਆਫ ਲੰਡਨ’ ਨੇ ਸ਼ਹੀਦ ਊਧਮ ਸਿੰਘ ਨੂੰ ‘ਆਜ਼ਾਦੀ ਦਾ ਲੜਾਕਾ’ ਅਤੇ ਉਸ ਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ। ਜਰਮਨੀ ਦੇ ਰੇਡੀਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ ‘ਹਾਥੀਆਂ ਦੀ ਤਰ੍ਹਾਂ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੇ ਮੁਆਫ਼ ਨਹੀਂ ਕਰਦੇ, ਉਹ ਵੀਹ ਸਾਲ ਤੋਂ ਲੰਮੇ ਵਕਫ਼ੇ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ।’ ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸਾ ਕੀਤੀ ਗਈ। ਪਹਿਲੀ ਅਪ੍ਰੈਲ, 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਅਡਵਾਇਰ ਦੇ ਕਤਲ ਲਈ ਉਸ ਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ, 1940 ਸੈਂਟਰਲ ਕ੍ਰਿਮੀਨਲ ਕੋਰਟ, ਓਲਡ ਬੈਲੇ ਵਿਚ ਜਸਟਿਸ ਐਂਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਅਡਵਾਇਰ ਦੇ ਕਤਲ ਦਾ ਕਾਰਨ ਪੁੱਛਣ ’ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿੱਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ। 31 ਜੁਲਾਈ, 1940 ਨੂੰ ਊਧਮ ਸਿੰਘ ਨੂੰ ਪੈਟੋਨਵਿਲੇ ਜੇਲ੍ਹ ਲੰਡਨ ਵਿਚ ਫ਼ਾਂਸੀ ਦੇ ਦਿੱਤੀ ਗਈ ਅਤੇ ਉਸ ਦੀ ਮ੍ਰਿਤਕ ਦੇਹ ਨੂੰ ਜੇਲ੍ਹ ਦੇ ਅੰਦਰ ਹੀ ਦਬਾਅ ਦਿੱਤਾ ਗਿਆ।

ਬੇਸ਼ੱਕ ਪੰਜਾਬ ਦਾ ਇਹ ਮਹਾਨ ਸਪੂਤ 31 ਜੁਲਾਈ, 1940 ਨੂੰ ਇਸ ਫ਼ਾਨੀ ਦੁਨੀਆ ਨੂੰ ਅਲਵਿਦਾ ਕਹਿ ਗਿਆ ਪਰ ਉਸ ਦੀ ਯਾਦ ਹਮੇਸ਼ਾ ਸਾਡੇ ਦਿਲਾਂ ਵਿਚ ਉਸ ਨੂੰ ਜਿਊਂਦਾ ਰੱਖੇਗੀ। ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਸਾਡੀਆਂ ਆਉਣ ਵਾਲੀਆਂ ਨਸਲਾਂ ਲਈ ਪ੍ਰੇਰਨਾ ਸਰੋਤ ਹੈ।

## ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ ਕੱਖਾਂ ਵਾਂਗੂ ਰੁੱਲ ਜਾਵੋਗੇ

# ਗੁਰ ਸਾਗਰ ਦੇ ਸੁੱਚੇ ਮੋਤੀ

ਸਿੰਘ ਸਾਹਿਬ ਗਿਆਨੀ ਚੇਤ ਸਿੰਘ

## ਆਪ ਜੀ ਦਾ ਛੂਤ-ਛਾਤ ਦੇ ਖਿਲਾਫ਼ ਅਮਲੀ ਕਦਮ

ਪਿੱਛੇ ਨਜ਼ਰ ਮਾਰ ਕੇ ਦੇਖੀਏ ਤਾਂ ਪਤਾ ਲੱਗਦਾ ਹੈ ਕਿ ਹਿੰਦੁਸਤਾਨ ਵਿਚ ਅਖੌਤੀ ਅਛੂਤਾਂ ਨਾਲ ਕਿਸ ਤਰ੍ਹਾਂ ਦਾ ਵਰਤਾਉ ਹੁੰਦਾ ਰਿਹਾ ਹੈ। ਇਨ੍ਹਾਂ ਨੂੰ ਖੂਹਾਂ 'ਤੇ ਪਾਣੀ ਲੈਣ ਨਹੀਂ ਸੀ ਚੜ੍ਹਨ ਦਿੱਤਾ ਜਾਂਦਾ। ਕਿਸੇ ਮੰਦਰ ਵਿਚ ਚਲੇ ਜਾਣ ਤਾਂ ਇਨ੍ਹਾਂ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ ਜਾਂਦਾ ਸੀ। ਇਥੋਂ ਤੱਕ ਕਿ ਸੱਚਖੰਡ ਸ੍ਰੀ ਦਰਬਾਰ ਸਾਹਿਬ ਵਿਖੇ ਇਨ੍ਹਾਂ ਅਖੌਤੀ ਅਛੂਤਾਂ ਦਾ ਕੜਾਹ ਪ੍ਰਸ਼ਾਦ ਦੀ ਅਰਦਾਸ ਤੱਕ ਭੀ ਨਹੀਂ ਸੀ ਕੀਤੀ ਜਾਂਦੀ। ਭਾਵੇਂ ਇਨ੍ਹਾਂ ਨੂੰ ਉੱਚੇ ਚੁੱਕਣ ਲਈ ਸਰਕਾਰ ਨੇ ਕਈ ਕਾਨੂੰਨ ਭੀ ਬਣਾਏ, ਇਨ੍ਹਾਂ ਨੂੰ ਕਈ ਸਹੂਲਤਾਂ ਭੀ ਦਿੱਤੀਆਂ, ਨੌਕਰੀਆਂ ਵਿਚ ਭੀ ਕਈ ਰਿਆਇਤਾਂ ਇਨ੍ਹਾਂ ਨੂੰ ਦੇ ਕੇ ਉੱਚੇ ਚੁੱਕਣ ਦਾ ਯਤਨ ਕੀਤਾ। ਇਨ੍ਹਾਂ ਦੀ ਤਰੱਕੀ ਭੀ ਹੋਈ, ਕਈ ਚੰਗੀਆਂ ਪੋਸਟਾਂ ਤੇ ਇਹ ਸੁਸ਼ੋਭਤ ਹਨ, ਪਰ ਹਿੰਦੁਸਤਾਨ ਦੇ ਬਹੁਤੇ ਪ੍ਰਾਂਤਾਂ ਵਿਚ ਇਨ੍ਹਾਂ ਗਰੀਬ ਹਰੀਜਨਾਂ ਨਾਲ ਵਰਤਾਉ ਅਜੇ ਭੀ ਉਸੇ ਤਰ੍ਹਾਂ ਨਫ਼ਰਤ ਭਰਿਆ ਹੀ ਕੀਤਾ ਜਾਂਦਾ ਹੈ, ਜਿਸ ਤਰ੍ਹਾਂ ਕਿ ਪਹਿਲੇ ਗੁਲਾਮ ਹਿੰਦੁਸਤਾਨ ਵੇਲੇ ਕੀਤਾ ਜਾਂਦਾ ਸੀ। ਰਾਜਨੀਤਿਕ ਲੋਕ ਇਨ੍ਹਾਂ ਨੂੰ ਲੋੜ ਪੈਣ ਵੇਲੇ ਵਰਤ ਲੈਂਦੇ ਹਨ ਅਤੇ ਵੋਟਾਂ ਆਦਿ ਲੈ ਕੇ ਇਨ੍ਹਾਂ ਪਾਸੋਂ ਆਪਣਾ ਕੰਮ ਕੱਢ ਲੈਂਦੇ ਹਨ। ਜਦੋਂ ਇਨ੍ਹਾਂ ਦਾ ਕੰਮ ਨਿਕਲ ਗਿਆ, ਪਿਛੋਂ ਇਨ੍ਹਾਂ ਦੀ ਕੋਈ ਬਾਤ ਤੱਕ ਨਹੀਂ ਪੁੱਛਦਾ।

ਸੰਤ ਬਾਬਾ ਪ੍ਰੇਮ ਸਿੰਘ ਜੀ ਨਿਰਮਲ ਸੰਪ੍ਰਦਾ ਦੇ ਨਾਲ ਸੰਬੰਧ ਰੱਖਦੇ ਸਨ। ਆਪ ਭੀ ਸਾਧੂ ਬਿਰਤੀ ਵਾਲੇ ਸਨ। ਨਿਰਮਲੇ ਸੰਤ ਛੂਤ-ਛਾਤ ਬਹੁਤ ਮੰਨਦੇ ਸਨ। ਆਪਣੀਆਂ ਪੰਗਤਾਂ ਵਿਚ ਲੰਗਰ ਛਕਣ ਵੇਲੇ ਉਹ ਹਰੀਜਨਾਂ ਨੂੰ ਨਹੀਂ ਸੀ ਬੈਠਣ ਦਿੰਦੇ।

ਸੰਤ ਬਾਬਾ ਪ੍ਰੇਮ ਸਿੰਘ ਜੀ ਛੂਤ-ਛਾਤ ਦੇ ਬਰ-ਖਿਲਾਫ਼ ਸਨ। ਉਹ 'ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ' ਤੇ ਪੂਰਾ ਵਿਸ਼ਵਾਸ਼ ਰੱਖਦੇ ਸਨ ਅਤੇ ਬੜੀ ਦਲੇਰੀ ਨਾਲ ਆਪਣੇ ਲੰਗਰ ਵਿਚ ਇਨ੍ਹਾਂ ਨੂੰ ਪ੍ਰਸ਼ਾਦ ਛਕਾਉਂਦੇ ਸਨ। ਭਾਵੇਂ ਕਈ ਸਾਧਾਂ ਸੰਤਾਂ ਨੂੰ ਇਨ੍ਹਾਂ ਦੀ ਆਪਣੇ ਲੰਗਰ ਵਿਚ ਅਛੂਤਾਂ ਨੂੰ ਪ੍ਰਸ਼ਾਦ ਛਕਾਉਣ ਦੀ ਗੱਲ ਚੰਗੀ ਨਹੀਂ ਸੀ ਲੱਗਦੀ, ਪਰ ਉਹ ਕਿਸੇ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ ਇਨ੍ਹਾਂ ਅਖੌਤੀ ਅਛੂਤਾਂ ਨੂੰ ਅੰਮ੍ਰਿਤ ਛਕਾ ਕੇ ਬਿਨਾਂ ਵਿਤਕਰੇ ਤੋਂ ਆਪਣੇ ਨਾਲ ਅਭੇਦ ਕਰਕੇ ਖੁਸ਼ੀ ਪ੍ਰਗਟ ਕਰਦੇ ਸਨ। ਜਿਥੇ ਭੀ ਜਾਂਦੇ ਗੁਰਦੁਆਰਿਆਂ ਵਿਚ ਇਨ੍ਹਾਂ ਨੂੰ ਆਉਣ ਦੀ ਖੁੱਲ੍ਹ ਦਿੰਦੇ ਅਤੇ ਸਾਰੀ ਸੰਗਤ ਦੇ ਨਾਲ ਹੀ ਇਨ੍ਹਾਂ ਨੂੰ ਨਾਮ ਬਾਣੀ ਦਾ ਉਪਦੇਸ਼ ਦਿੰਦੇ ਸਨ। ਕੁੱਝ ਕੁ ਅਜਿਹੀਆਂ ਮਿਸਾਲਾਂ ਹਨ, ਜੋ ਉਨ੍ਹਾਂ ਨੇ ਅਖੌਤੀ ਛੂਤਾਂ ਨੂੰ ਅਭੇਦ ਕਰਕੇ ਬੜਾ ਮਾਰ੍ਹਕੇ ਦਾ ਕੰਮ ਕਰ ਵਿਖਾਇਆ। ਹੇਠ ਲਿਖੀਆਂ ਉਦਾਹਰਣਾਂ ਤੋਂ ਸਪੱਸ਼ਟ ਹੈ ਕਿ ਉਹ ਕਿਤਨੇ ਅਗਾਂਹ-ਵਧੂ ਖਿਆਲਾਂ ਦੇ ਸਨ।

## ਪਲਟਨ ਨੰਬਰ 23 ਨੂੰ ਲੰਗਰ

ਤਹਿਸੀਲ ਖਾਰੀਆਂ ਦੇ ਨੇੜੇ ਪਲਟਨ ਨੰਬਰ 23 ਮਨੂਵਰ ਕਰਨ ਆਈ ਹੋਈ ਸੀ। ਇਸ ਪਲਟਨ ਵਿਚ ਕੁਝ ਕੰਪਨੀਆਂ ਲੁਬਾਣਿਆਂ ਦੀਆਂ ਸਨ, ਕੁੱਝ ਰਵਿਦਾਸੀਆਂ ਅਤੇ ਕੁੱਝ ਮਜ਼ਬੀ ਸਿੰਘਾਂ ਦੀਆਂ ਸਨ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਦਾਸ ਨੂੰ ਕਿਹਾ ਕਿ ਪਲਟਨ 23 ਇਥੇ ਮਨੂਵਰ ਕਰਨ ਲਈ ਆਈ ਹੈ, ਪਲਟਨ ਦੀ ਰੋਟੀ ਕਰ ਦਈਏ। ਅੰਗਰੇਜ਼ੀ ਸਰਕਾਰ ਵੇਲੇ ਪਲਟਨ ਦੀ ਰੋਟੀ ਕਰਨ ਵਾਲੇ ਦੀ ਇਕ ਬਹੁਤ ਵੱਡੀ ਸਖ਼ਸ਼ੀਅਤ ਸਮਝੀ ਜਾਂਦੀ ਸੀ। ਮਹਾਂਪੁਰਖਾਂ ਦੇ ਹੁਕਮ ਨਾਲ ਪਲਟਨ ਵਿਚ ਇਕ ਸੂਬੇਦਾਰ ਗੰਗਾ ਸਿੰਘ ਨਿਰੰਜਨੀ, ਤਹਿਸੀਲ ਸ਼ਾਹਦਰਾ ਦੇ ਲੁਬਾਣੇ ਸਿੰਘ ਸਨ, ਦਾਸ ਉਨ੍ਹਾਂ ਨੂੰ ਮਿਲਿਆ ਤੇ ਮਹਾਂਪੁਰਖਾਂ ਦੀ ਫੌਜ ਦੀ ਰੋਟੀ ਕਰਨ ਬਾਰੇ ਗੱਲ ਦੱਸੀ। ਸੂਬੇਦਾਰ ਗੰਗਾ ਸਿੰਘ ਜੀ ਸੁਣ ਕੇ ਬਹੁਤ ਖੁਸ਼ ਹੋਏ। ਉਨ੍ਹਾਂ ਆਪਣੇ ਕਰਨਲ ਨਾਲ ਗੱਲ ਕੀਤੀ। ਕਰਨਲ ਅੰਗਰੇਜ਼ੀ ਸੀ। ਉਹ ਭੀ ਸੁਣਕੇ ਬੜਾ ਖੁਸ਼ ਹੋਇਆ। ਕਰਨਲ ਨੇ ਕਿਹਾ ਕਿ ਪਲਟਨ ਸਵੇਰੇ ਖਾਣਾ ਖਾਏਗੀ ਤੇ ਮੈਂ ਸ਼ਾਮ ਨੂੰ ਆ ਕੇ ਚਾਹ ਪੀਵਾਂਗਾ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਜਾ ਕੇ ਦੱਸਿਆ। ਉਹ ਕਹਿਣ ਲੱਗੇ-ਠੀਕ ਹੈ। ਆਪ ਜੀ ਨੇ ਸੂਬੇਦਾਰ ਮੇਜਰ ਬਿੰਦਾ ਸਿੰਘ ਜੀ ਬਜ਼ੁਰਗਵਾਲ ਵਾਲੇ ਤੇ ਕੁੱਝ ਟਾਂਡੇ ਤੋਂ ਸਰਦਾਰਾਂ ਨੂੰ ਬੁਲਾ ਲਿਆ। ਨਿਯਤ ਤਾਰੀਖ ਨੂੰ ਬੜੀ ਧੂਮ-ਧਾਮ ਨਾਲ ਪੂਰੀ ਪਲਟਨ ਆਈ। ਗੁਰਦੁਆਰੇ ਦੇ ਅੰਦਰ ਦੀਵਾਨ ਲੱਗ ਗਿਆ। ਫੌਜੀ ਕੀਰਤਨ ਆਪ ਹੀ ਕਰਨ ਲੱਗ ਪਏ। ਇੱਕ-ਇੱਕ ਕੰਪਨੀ ਨੂੰ ਕੜਾਹ ਪ੍ਰਸ਼ਾਦ, ਖੀਰ, ਤੰਦੂਰ ਦੇ ਬੜੇ ਸੋਹਣੇ ਚੋਪੜੇ ਪ੍ਰਸ਼ਾਦੇ, ਸਬਜ਼ੀ ਅਤੇ ਦਾਲ ਆਦਿ ਦਾ ਲੰਗਰ ਵਾਰੋ ਵਾਰੀ ਛਕਾਇਆ, ਬਿਨਾਂ ਕਿਸੇ ਵਿਤਕਰੇ ਦੇ। ਲੁਬਾਣਾ ਬਰਾਦਰੀ ਦੇ ਸਰਦਾਰਾਂ ਨੇ ਕਿਹਾ ਕਿ ਮਹਾਰਾਜ! ਸਾਡੇ ਤਾਂ ਬਾਹਰ ਲੰਗਰ ਮਜ਼ਬੀਆਂ ਤੇ ਰਮਦਾਸੀਆਂ ਦਾ ਵੱਖਰਾ ਹੁੰਦਾ ਹੈ ਤੇ ਲੁਬਾਣੇ ਸਿੰਘਾਂ ਦਾ ਵੱਖਰਾ ਹੁੰਦਾ ਹੈ। ਮਹਾਂਪੁਰਖ ਕਹਿਣ ਲੱਗੇ ਗੁਰਮੁਖੋ! ਅਸੀਂ ਤਾਂ ਕੋਈ ਭਿੰਨ-ਭੇਦ ਨਹੀਂ ਰੱਖਦੇ। ਉਹ ਪ੍ਰਮਾਤਮਾ ਸਭ ਨੂੰ ਇਕੋ ਜਿਹੇ ਭੇਜਦਾ ਹੈ। ਅਸੀਂ ਉਸ ਮਾਲਕ ਦੀ ਅੰਸ਼ ਨੂੰ ਇਕੋ ਜਿਹਾ ਸਮਝਦੇ ਹਾਂ। ਸਾਡੀ ਨਜ਼ਰ ਵਿਚ ਮਜ਼ਬੀ, ਰਮਦਾਸੀਏ, ਲੁਬਾਣੇ ਸਭ ਇਕ ਹਨ। ਸਭ ਸੁਣ ਕੇ ਚੁੱਪ ਹੋ ਗਏ। ਇਸ ਦਾ ਇਕ ਅਸਰ ਇਹ ਹੋਇਆ ਕਿ ਬਾਹਰ ਫਿਰ ਇਸ ਪਲਟਨ ਵਿਚ ਇਕੋ ਹੀ ਲੰਗਰ ਹੋ ਗਿਆ। ਸ਼ਾਮ ਨੂੰ ਆਪਣੇ ਅਮਲੇ ਨਾਲ ਕਰਨਲ ਆਇਆ। ਉਸ ਨੂੰ ਬੜੀ ਸ਼ਾਨਦਾਰ ਚਾਹ ਪਿਲਾਈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੂੰ ਮਿਲ ਕੇ ਬਹੁਤ ਖੁਸ਼ ਹੋਇਆ। ਇਕ ਹੋਰ ਉਦਾਹਰਣ -

## ਮਿੰਟਗੁਮਰੀ ਦੇ ਚੱਕ 243 ਵਿਚ ਛੂਤ-ਛਾਤ ਦੇ ਖਿਲਾਫ਼ ਪ੍ਰਚਾਰ

ਚੱਕ ਨੰਬਰ 243 ਜ਼ਿਲ੍ਹਾ ਮਿੰਟਗੁਮਰੀ ਵਿਚ ਇਕ ਸੂਬੇਦਾਰ ਮੇਜਰ ਰਵਿਦਾਸੀਆ ਸਿੰਘ ਸੀ, ਉਹ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਮੁਰਾਲੇ

ਪੁੱਜਾ ਤੇ ਬੇਨਤੀ ਕੀਤੀ ਕਿ ਮੈਂ ਮਿੰਟਗੁਮਰੀ ਦੇ ਜ਼ਿਲ੍ਹੇ ਵਿਚੋਂ ਚੱਕ 243 ਤੋਂ ਆਇਆ ਹਾਂ। ਮੈਂ ਅਖੰਡ ਪਾਠ ਕਰਾਉਣਾ ਚਾਹੁੰਦਾ ਹਾਂ, ਪਰ ਉਥੇ ਲੁਬਾਣੇ ਸਿੰਘਾਂ ਦੇ ਘਰ ਭੀ ਹਨ। ਮੈਂ ਉਨ੍ਹਾਂ ਪਾਸ ਬੇਨਤੀ ਕੀਤੀ ਕਿ ਮੈਂ ਅਖੰਡ ਪਾਠ ਰਖਾਉਣਾ ਚਾਹੁੰਦਾ ਹਾਂ, ਤੁਸੀਂ ਸਾਰੀ ਸੰਗਤ ਮੇਰੇ ਘਰ ਲੰਗਰ ਛਕਣ ਲਈ ਜ਼ਰੂਰ ਦਰਸ਼ਨ ਦਿਉ, ਨਾਲੇ ਆ ਕੇ ਪਾਠ ਸੁਣੋ। ਪਰ ਉਹਨਾਂ ਕਿਹਾ ਕਿ ਪਾਠ ਤਾਂ ਆ ਕੇ ਸੁਣ ਲਵਾਂਗੇ, ਪਰ ਲੰਗਰ ਅਸੀਂ ਤੁਹਾਡੇ ਘਰ ਨਹੀਂ ਛਕਣਾ।

ਅਤੇ ਕਹਿਣ ਲੱਗਾ-ਜੇਕਰ ਆਪ ਦਰਸ਼ਨ ਦਿਉ ਤਾਂ ਮੇਰਾ ਇਹ ਜੱਗ ਸੰਪੂਰਨ ਹੋਵੇਗਾ ਤੇ ਨਾਲੇ ਸਾਰੀ ਸੰਗਤ ਤੁਹਾਡੇ ਪੁੱਜਣ ਤੇ ਦਰਸ਼ਨ ਦੇਵੇਗੀ, ਲੰਗਰ ਛਕੇਗੀ। ਆਪ ਜੀ ਨੇ ਇਨ੍ਹਾਂ ਦੀ ਬੇਨਤੀ ਪ੍ਰਵਾਨ ਕਰ ਲਈ ਤੇ ਨਿਯਤ ਤਾਰੀਖ ਤੇ ਉਥੇ ਪੁੱਜੇ। ਅਖੰਡ ਪਾਠ ਦੇ ਭੋਗ ਤੇ ਲੰਗਰ ਛਕਣ ਲਈ ਸਾਰੀ ਬਰਾਦਰੀ ਜੋ ਲੁਬਾਣੇ ਸਿੰਘਾਂ ਦੀ ਸੀ, ਮਹਾਂਪੁਰਖਾਂ ਦੇ ਬਚਨ ਸੁਣ ਕੇ ਇਕ ਵਾਰ ਭੀ ਨਾਂਹ ਨਾਂ ਕਰ ਸਕੀ। ਇਨ੍ਹਾਂ ਸਾਰਿਆਂ ਨੂੰ ਇਕ ਲੰਗਤ ਵਿਚ ਬਿਠਾ ਕੇ ਲੰਗਰ ਛਕਾਇਆ।

ਸੂਬੇਦਾਰ ਮੇਜਰ ਗਦ-ਗਦ ਹੋ ਗਿਆ। ਬੜੇ ਪ੍ਰੇਮ ਨਾਲ ਆਪ ਜੀ ਦੀ ਇਹਨਾਂ ਨੇ ਸੇਵਾ ਕੀਤੀ। ਆਪ ਜੀ ਨੇ ਸਾਰੀ ਸੰਗਤ ਨੂੰ ਆਪਣੇ ਕੀਰਤਨ ਰਾਹੀਂ ਨਿਹਾਲ ਕੀਤਾ।

## ਇਕ ਹੋਰ ਘਟਨਾ

ਜ਼ਿਲ੍ਹਾ ਗੁਜਰਾਤ ਦੀ ਤਹਿਸੀਲ ਵਿਚ ਇਕ ਦਿਲਾਵਲਪੁਰ ਪਿੰਡ ਪਹਾੜ ਵਾਲੇ ਪਾਸੇ ਸੀ। ਪਿੰਡ ਦੇ ਲੋਕ ਬਹੁਤੇ ਸਹਿਜਧਾਰੀ ਸਨ ਤੇ ਜੱਟ ਬਰਾਦਰੀ ਵਿਚੋਂ ਸਨ। ਇਕ ਬੀਬੀ ਮੁਸਲਮਾਨਣੀ ਵਿਧਵਾ ਹੋ ਗਈ। ਇਥੋਂ ਦਾ ਇਕ ਸਿੰਘ ਭਾਈ ਰਾਮ ਸਿੰਘ ਬੜਾ ਦਲੇਰ ਸੀ, ਉਸ ਬੀਬੀ ਨੂੰ ਨਾਲ ਲੈ ਕੇ ਸੰਤ ਬਾਬਾ ਪ੍ਰੇਮ ਸਿੰਘ ਜੀ ਦੇ ਪਾਸ ਲਿਆਇਆ ਅਤੇ ਕਹਿਣ ਲੱਗਾ-ਜੀ ਆਪ ਸਾਨੂੰ ਦੋਹਾਂ ਨੂੰ ਅੰਮ੍ਰਿਤ ਛਕਾ ਦਿਉ ਤੇ ਨਾਲ ਹੀ ਅਨੰਦ ਕਾਰਜ ਕਰ ਦਿਉ। ਮਹਾਂਪੁਰਖ ਕਹਿਣ ਲੱਗੇ ਕਿ ਅਸੀਂ ਇਥੇ ਅੰਮ੍ਰਿਤ ਨਹੀਂ ਛਕਾਉਣਾ, ਕਿਉਂਕਿ ਇਲਾਕਾ ਮੁਸਲਮਾਨਾਂ ਦਾ ਹੈ। ਕੱਲ੍ਹ ਨੂੰ ਕੋਈ ਮਜ਼ਹਬੀ ਸੁਆਲ ਉੱਠ ਪਏ ਤਾਂ ਸੰਭਾਲਣਾ ਔਖਾ ਹੋ ਜਾਵੇਗਾ। ਤੈਨੂੰ ਚਿੱਠੀ ਲਿਖ ਦੇਂਦੇ ਹਾਂ, ਤੂੰ ਅੰਮ੍ਰਿਤਸਰ ਚਲਾ ਜਾਹ, ਉਥੋਂ ਅੰਮ੍ਰਿਤ ਛਕ ਲੈਣਾ ਤੇ ਉਥੇ ਹੀ ਉਹ ਅਨੰਦ ਕਾਰਜ ਭੀ ਕਰ ਦੇਣਗੇ। ਭਾਈ ਰਾਮ ਸਿੰਘ ਮਹਾਂਪੁਰਖਾਂ ਦੀ ਚਿੱਠੀ ਲੈ ਕੇ ਅੰਮ੍ਰਿਤਸਰ ਪੁੱਜਾ। ਆਪ ਜੀ ਦੀ ਚਿੱਠੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਾਹਿਬ ਨੂੰ ਵਿਖਾਈ। ਪੰਜਾਂ ਪਿਆਰਿਆਂ ਅੰਮ੍ਰਿਤ ਛਕਾਇਆ, ਨਾਲ ਹੀ ਅਨੰਦ ਕਾਰਜ ਭੀ ਕਰ ਦਿੱਤਾ। ਕੁੱਝ ਦਿਨਾਂ ਪਿਛੋਂ ਆਪਣੇ ਪਿੰਡ ਕਲਾਵਲਪੁਰ ਵਾਪਸ ਆ ਗਿਆ। ਇਨ੍ਹਾਂ ਦੀ ਬਰਾਦਰੀ ਨੇ ਭਾਈ ਰਾਮ ਸਿੰਘ ਦਾ ਬਾਈਕਾਟ ਕਰ ਦਿੱਤਾ। ਪਿੰਡ ਵਿਚ ਢੰਡੋਰਾ ਫਿਰਾਇਆ ਗਿਆ ਕਿ ਭਾਈ ਰਾਮ ਸਿੰਘ ਦਾ ਬਾਈਕਾਟ ਕੀਤਾ ਗਿਆ ਹੈ, ਇਸ ਨਾਲ ਕੋਈ ਰੋਟੀ ਬੇਟੀ ਦੀ ਸਾਂਝ ਨਾ ਰੱਖੇ। ਜੋ ਇਸ ਨਾਲ ਵਰਤੇਗਾ, ਉਹ ਪੰਚਾਇਤ ਦਾ ਡੰਡ ਭਰੇਗਾ। ਭਾਈ ਰਾਮ ਸਿੰਘ ਫਿਰ ਮੁਰਾਲੇ ਪੁੱਜਾ। ਆਪਣੀ ਸਾਰੀ ਗੱਲ ਬਰਾਦਰੀ ਦੇ ਬਾਈਕਾਟ ਕਰਨ ਦੀ ਦੱਸੀ ਤੇ ਕਿਹਾ ਕਿ ਆਪ ਜੀ ਦੇ ਪੁੱਜਣ ਨਾਲ ਹੀ ਕੁਝ ਹੋ ਸਕਦਾ ਹੈ, ਨਹੀਂ ਤਾਂ ਮੇਰਾ ਉਥੇ ਵਸੇਬਾ ਕਠਿਨ ਹੈ। ਸੰਤ ਬਾਬਾ ਪ੍ਰੇਮ ਸਿੰਘ ਜੀ ਨੇ ਕਿਹਾ ਕਿ ਅਮਕੀ ਤਾਰੀਖ ਤੀਕ ਅਸੀਂ ਤੇਰੇ ਪਿੰਡ ਪੁੱਜਾਂਗੇ। ਕਵਾਂਖ ਤੇ ਬਜ਼ੁਰਗਵਾਲ ਤੂੰ ਖ਼ਬਰ ਦੇ ਦੇਵੀਂ ਤੇ ਕਹਿਣਾ ਕਿ ਇਥੇ ਭਾਈ ਦੀਵਾਨ ਲੱਗੇਗਾ। ਇਸ ਤਰ੍ਹਾਂ ਸਾਡੇ ਪੁੱਜਣ ਦੀ ਭੀ ਖ਼ਬਰ ਦੇ ਦੇਈਂ। ਸਭ ਇਲਾਕੇ ਵਿਚ ਖ਼ਬਰ ਦਿੱਤੀ ਗਈ। ਆਪ ਨਿਯਤ ਤਾਰੀਖ ਤੇ ਪੁੱਜ ਗਏ। ਬੜਾ ਭਾਰੀ ਦੀਵਾਨ ਲੱਗਾ। ਮਹਾਂਪੁਰਖਾਂ ਕੀਰਤਨ ਕੀਤਾ। ਗਿ: ਪ੍ਰਤਾਪ ਸਿੰਘ ਜੋ ਅਜੇ ਨਵੇਂ-ਨਵੇਂ ਹੀ ਪ੍ਰਚਾਰਕ ਬਣੇ ਸਨ, ਜੋ ਪਿਛੋਂ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਰਹੇ, ਉਹ ਭੀ ਪੁੱਜੇ। ਪਿੰਡ ਦੇ ਲੋਕਾਂ ਨੂੰ ਕਈ ਝਾੜਾਂ ਪਾਈਆਂ, ਕੁੱਝ ਪਿਆਰ ਨਾਲ ਵੀ ਸਮਝਾਇਆ। ਪਿੰਡ ਦੀ ਪੰਚਾਇਤ ਨੇ ਆਪ ਜੀ ਦਾ ਬਚਨ ਮੰਨ ਕੇ ਭਾਈ ਰਾਮ ਸਿੰਘ ਦੇ ਘਰ ਉਸ ਬੀਬੀ ਦਾ ਸਜਾਇਆ ਲੰਗਰ ਸਭ ਨੇ ਛਕਿਆ ਤੇ ਭਾਈ ਰਾਮ ਸਿੰਘ ਨੂੰ ਬਰਾਦਰੀ ਵਿਚ ਰਲਾ ਕੇ ਆਪ ਜੀ ਵਾਪਸ ਆ ਗਏ।

ਆਪ ਜੀ ਦਾ ਸੁਭਾਅ ਸੀ ਕਿ ਜੋ ਕੰਮ ਉਹ ਕਰਨਾ ਚਾਹੁਣ ਉਹ ਕਰਕੇ ਹੀ ਛੱਡਦੇ ਸਨ। ਉਹ ਆਪਣੇ ਇਰਾਦੇ ਦੇ ਬੜੇ ਪੱਕੇ ਸਨ। ਭਾਵੇਂ ਪਿਛਾਂਹ-ਖਿੱਚੂ ਸਾਧ ਸੰਤ, ਕੁੱਝ ਆਪ ਜੀ ਦੀ ਸੰਪ੍ਰਦਾ ਦੇ ਅਤੇ ਕੁੱਝ ਹਿੰਦੂ, ਇਨ੍ਹਾਂ ਹਰੀਜਨਾਂ, ਮਜ਼ਹਬੀਆਂ ਅਤੇ ਰਵਿਦਾਸੀਆਂ ਨੂੰ ਸੰਗਤ-ਪੰਗਤ ਵਿਚ ਮਿਲਾਉਣ ਦੀ ਵਿਰੋਧਤਾ ਕਰਦੇ ਸਨ, ਪਰ ਆਪ ਜੀ ਨੇ ਕਿਸੇ ਭੀ ਵਿਰੋਧਤਾ ਦੀ ਪ੍ਰਵਾਹ ਨਾ ਕਰਦਿਆਂ ਹੋਇਆਂ, ਗੁਰੂ ਆਸ਼ੇ ਅਨੁਸਾਰ ਜਾਤ-ਪਾਤ ਦਾ ਭੇਦ ਮਿਟਾਉਣ ਲਈ ਬੜਾ ਭਾਰੀ ਅਮਲੀ ਕਦਮ ਚੁੱਕਿਆ।

ਇਸ ਤੋਂ ਪਹਿਲਾਂ ਆਪ ਜੀ ਨੇ ਟਾਂਡੇ ਪਿੰਡ ਵਿਚ ਇਕ ਮੇਘ ਜਾਤੀ ਸੀ, ਜਿਨ੍ਹਾਂ ਨੂੰ ਆਰੀਏ ਭੀ ਕਹਿੰਦੇ ਸਨ, ਉਨ੍ਹਾਂ ਨੂੰ ਜਾਤ-ਪਾਤ ਦਾ ਵਿਤਕਰਾ ਦੂਰ ਕਰਕੇ ਖੂਹਾਂ ਤੋਂ ਪਾਣੀ ਭਰਨ ਦੀ ਖੁਲ੍ਹ ਕਰਾਈ ਅਤੇ ਸੰਗਤ ਤੇ ਪੰਗਤ ਵਿਚ ਉਹਨਾਂ ਨੂੰ ਬੈਠਣ ਦੀ ਭਈ ਖੁਲ੍ਹ ਕਰ ਦਿੱਤੀ।

# ਅਪੀਲ

**ਵੇਖਣ ਵਿਚ ਇਹ ਸਾਹਮਣੇ ਆਇਆ ਹੈ ਕਿ ਭਵਨ ਵੱਲੋਂ ਭੇਜੇ ਜਾਣ ਵਾਲੇ ਮੈਗਜ਼ੀਨ ਜਾਂ ਕੋਈ ਹੋਰ ਚਿੱਠੀ-ਪੱਤਰ ਮੈਂਬਰਾਂ ਦੇ ਸਹੀ ਪਤੇ ਤੇ ਨਹੀਂ ਪਹੁੰਚਦਾ ਅਤੇ ਘੋਖ ਕਰਨ ਤੇ ਪਤਾ ਲੱਗਾ ਕਿ ਜੋ ਵੀ ਮੈਂਬਰਾਂ ਨੇ ਆਪਣੇ ਰਿਹਾਇਸ਼ੀ ਪਤੇ ਬਦਲ ਲਏ ਹਨ ਉਹ ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਦੇ ਦਫ਼ਤਰ ਵਿਚ ਉਹਨਾਂ ਦੇ ਨਵੇਂ ਪਤੇ ਨੋਟ ਕਰਵਾ ਦੇਣ ਤਾਂ ਜੋ ਮੈਂਬਰਾਂ ਦਾ ਸਹੀ ਪਤਾ ਦਫ਼ਤਰ ਦੇ ਰਿਕਾਰਡ ਵਿਚ ਅਪਡੇਟ ਕੀਤਾ ਜਾ ਸਕੇ।**

**-ਧੰਨਵਾਦ**

# ਭਾਈ ਮੱਖਣ ਸ਼ਾਹ ਜੀ ਦਾ ਧਾਰਮਿਕ ਵਿਰਸਾ

**ਮੇਜਰ ਸੰਗਤ ਸਿੰਘ ਬਾਵਾ (ਡੀ.ਈ.ਓ.) (ਰਿਟਾ.)**



ਇਕ ਬਾਲਕ ਨੇ ਭਾਈ ਮੱਖਣ ਸ਼ਾਹ ਨੂੰ ਦੱਸਿਆ ਕਿ ਉਸ ਪਿੰਡ ਵਿਚ ਇਕ ਤੇਗਾ ਨਾਮ ਦਾ ਸੋਢੀ ਰਹਿੰਦਾ ਸੀ ਜੋ ਗੁਰਗੱਦੀ 'ਤੇ ਤਾਂ ਆਪਣੀ ਦਾਅਵੇਦਾਰੀ ਨਹੀਂ ਕਰਦਾ ਪਰ ਹੈ ਉਹ ਸਭ ਤੋਂ ਭਲਾ ਪੁਰਸ਼, ਉਹ ਆਮ ਤੌਰ 'ਤੇ ਕਿਸੇ ਨੂੰ ਮਿਲਦਾ ਵੀ ਨਹੀਂ ਅਤੇ ਆਪਣੀ ਭਗਤੀ ਵਿਚ ਹੀ ਹਰ ਸਮੇਂ ਮਸਤ ਰਹਿੰਦਾ ਸੀ। ਭਾਈ ਸੁੱਖਾ ਸਿੰਘ ਇਸ ਘਟਨਾ ਨੂੰ ਬਿਆਨ ਕਰਦੇ ਲਿਖਦੇ ਹਨ–

**''ਬਾਈ ਥਾਂ ਤਿੰਨ ਜਾਇ ਚੜ੍ਹਾਈ।**
**5 ਅਸ਼ਰਫ਼ੀ ਔਰ ਕਢਾਈ।**
**ਪੁਨ ਬੋਲਿਓ ਐਸੇ ਸਿੱਖ ਬੈਨ।**
**ਅਉਰ ਕੋਈ ਮੰਜੀ ਬਾਕੀ ਐਨ।**
**ਲੋਗਨ ਕਹਿਓ ਅਉਰ ਕੋਈ ਨਾਹੀਂ।**
**ਬਾਈ ਏਈ ਮੰਜੀਆ ਆਹੀ।**
**ਪੁਨ ਬਾਲਕ ਭਾਖੇ ਇਮ ਬੈਨ।**
**ਬਾਬਾ ਤੇਗਾ ਹੈ ਇਕ ਐਨ।**
**ਲੋਗਨ ਕਹਿਆ ਮੰਜੀ ਪਤ ਨਾਹੀਂ।**
**ਬੈਠੇ ਅੰਦਰ ਸਾਂਝ ਸਬਾਹੀ।**
**ਭਲੀ ਬੁਰੀ ਕਾ ਲਹੈ ਨਾ ਭੇਵ।**
**ਨਾ ਕਾਹੂ ਸਿਉ ਲਿਓ ਨਾ ਦੇਵ।**
**ਸੁਨ ਬਚ ਸਿੱਖ ਕਹਯੋ ਤਿਹ ਨਾਮੁ।**
**ਕਹਿ ਤੇਗਾ ਸੋਢੀ ਜੁ ਧਾਮੁ।''**

ਭਾਈ ਮੱਖਣ ਸ਼ਾਹ ਨੇ ਲੋਕਾਂ ਤੋਂ ਪੁੱਛਿਆ ਕਿ ਇਹ ਸੋਢੀ ਕਿਤਨੀ ਦੇਰ ਤੋਂ ਬਕਾਲੇ ਵਿਚ ਰਹਿ ਰਹੇ ਸਨ ਤਾਂ ਲੋਕਾਂ ਕਿਹਾ ਕਈ ਸਾਲਾਂ ਤੋਂ। ਉਸ ਬਾਕੀ ਡੰਮੀ ਗੁਰੂਆਂ ਬਾਰੇ ਵੀ ਪੁੱਛਿਆ ਅਤੇ ਉਨ੍ਹਾਂ ਦੱਸਿਆ ਕਿ ਉਹ ਵਧੇਰੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਹੀ ਉਥੇ ਆਏ ਸਨ।




ਬਾਬਾ ਮੱਖਣ ਸ਼ਾਹ ਲੁਬਾਣਾ ਭਵਨ ਸੈਕਟਰ-30-ਏ, ਚੰਡੀਗੜ੍ਹ ਵਿਖੇ

**ਕਮਰਿਆਂ ਦੀ ਬੁਕਿੰਗ**

ਲਈ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰੋ।

**ਮੋਬਾਇਲ ਨੰ:–73470–65188**

# ਜੀਵਨ ਵਿਕਾਸ - ਇਕ ਸੰਘਰਸ਼

ਵਰਿਆਮ ਸਿੰਘ ਪੀ.ਈ.ਐਸ. (1) ਪ੍ਰਿੰਸੀਪਲ (ਰਿਟਾ.)

ਰਾਹ ਵਿਚ ਸ੍ਰੀਨਗਰ (ਗੜ੍ਹਵਾਲ) ਦਾ ਸੁੰਦਰ ਅਤੇ ਸਰਸਬਜ਼ ਸ਼ਹਿਰ ਆਇਆ ਜਿਥੇ ਬੜੀ ਖੁਲ੍ਹੀ ਤੇ ਰਮਨੀਕ ਵਾਦੀ ਹੈ। ਸਮੇਰ ਪਰਬਤ ਤੇ ਜਾਂਦਿਆਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਏਥੇ ਚਰਨ ਪਾਏ ਸਨ। ਹੇਮਕੁੰਟ ਟਰੱਸਟ ਨੇ ਏਥੇ ਆਲੀਸ਼ਾਨ ਗੁਰਦੁਆਰਾ ਅਤੇ ਕਈ ਰਿਹਾਇਸ਼ੀ ਕਮਰੇ ਬਣਾ ਦਿੱਤੇ ਹਨ। ਹਿੰਦੂਆਂ ਦਾ ਪ੍ਰਸਿੱਧ ਧਾਰਮਿਕ ਸਥਾਨ ਜੋਸ਼ੀ ਮਠ ਵੀ ਰਸਤੇ ਵਿਚ ਆਉਂਦਾ ਹੈ। ਜਿਸ ਤੋਂ ਅੱਗੇ ਜਾ ਕੇ ਤਪੋਬਨ ਲਾਗੇ ਜੰਗਲ ਤੇ ਪਹਾੜ ਹੈ ਜਿਸ ਦਾ ਕੁਝ ਹਿੱਸਾ ਲਛਮਣ ਜੀ ਦੀ ਮੂਰਛਤਾ ਹਟਾਉਣ ਲਈ ਹਨੂੰਮਾਨ ਸੰਜੀਵਨੀ ਬੂਟੀ ਸਣੇ ਚੁੱਕ ਕੇ ਲੈ ਗਿਆ ਸੀ।

**ਗੋਬਿੰਦ ਘਾਟ** : ਗੋਬਿੰਦ ਘਾਟ ਤੋਂ ਭਾਵ ਹੈ ਗੋਬਿੰਦ ਜੀ ਦੇ ਚਰਨਾਂ ਵਿਖੇ ਪਹੁੰਚਾਉਣ ਵਾਲਾ ਘਾਟ ਜਾਂ ਪੜਾਅ। ਸ੍ਰੀ ਹੇਮਕੁੰਟ ਸਾਹਿਬ ਜਾਣ ਲਈ ਇਹ ਬੇਸ ਯਾਨੀ ਮੁੱਢਲਾ ਮੁਕਾਮ ਹੈ। ਸਤਹ ਸਮੁੰਦਰ ਤੋਂ 6000 ਫੁਟ ਦੀ ਉਚਾਈ ਤੇ ਆਬਾਦ ਹੈ ਅਤੇ ਹੇਮਕੁੰਟ ਤੋਂ ਆਉਣ ਵਾਲੀ ਹੇਮ ਗੰਗਾ ਅਤੇ ਅਲਕ ਨੰਦਾ ਨਦੀਆਂ ਦਾ ਸੁੰਦਰ ਸੰਗਮ ਹੈ। ਇਹ ਸੁੰਦਰ ਗੁਰਦੁਆਰਾ ਸਾਹਿਬ ਸਾਲ 1944-45 ਵਿਚ ਹੌਲਦਾਰ ਬਾਬਾ ਮੋਦਨ ਸਿੰਘ ਨੇ ਬਣਵਾਇਆ ਸੀ। ਏਥੇ ਯਾਤਰੀਆਂ ਦੀ ਰਿਹਾਇਸ਼ ਆਦਿ ਲਈ ਕਾਫੀ ਕਮਰੇ ਅਤੇ ਹਾਲ ਹਨ ਜਿਨ੍ਹਾਂ ਵਿਚ 3000 ਯਾਤਰੀ ਰਲ ਮਿਲ ਕੇ ਰੈਣ ਬਸੇਰਾ ਕਰ ਸਕਦੇ ਹਨ। ਟਰੱਸਟ ਵੱਲੋਂ ਰਿਹਾਇਸ਼, ਲੰਗਰ, ਕੰਬਲਾਂ, ਦਵਾ ਦਾਰੂ ਦਾ ਪ੍ਰਬੰਧ ਹੈ। ਸਰਕਾਰ ਨੇ ਹੇਮ ਗੰਗਾ ਬਿਜਲੀ ਘਰ ਬਣਾ ਦਿੱਤਾ ਹੈ ਜਿਥੋਂ ਗੋਬਿੰਦ ਘਾਟ ਤੇ ਬਦਰੀ ਨਾਥ ਨੂੰ ਬਿਜਲੀ ਦਿੱਤੀ ਜਾਂਦੀ ਹੈ। ਬਾਬਾ ਮੋਦਨ ਸਿੰਘ ਨੇ ਅਲਕ ਨੰਦਾ ਨਦੀ ਦੇ ਉਪਰ ਲੱਕੜੀ ਦਾ ਝੂਲਨਾ ਪੁਲ ਤਿਆਰ ਕਰਵਾਇਆ ਸੀ। ਏਥੇ ਬਸ ਜਾਂ ਕਾਰ ਦੀ ਸਵਾਰੀ ਖਤਮ ਹੋ ਜਾਂਦੀ ਹੈ ਅਤੇ ਪੈਦਲ ਸਫ਼ਰ ਸ਼ੁਰੂ ਹੋ ਜਾਂਦਾ ਹੈ। ਪੈਦਲ ਸਫ਼ਰ ਨਾ ਕਰ ਸਕਣ ਵਾਲਿਆਂ ਲਈ ਕਾਂਡੀ, ਡਾਂਡੀ ਅਤੇ ਘੋੜਿਆਂ ਦਾ ਤਸੱਲੀਬਖ਼ਸ਼ ਪ੍ਰਬੰਧ ਹੈ।

**ਗੋਬਿੰਦ ਧਾਮ** : ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ 12 ਕਿਲੋਮੀਟਰ ਦੀ ਕਠਿਨ ਚੜ੍ਹਾਈਆਂ ਅਤੇ ਜੰਗਲ ਦਾ ਰਸਤਾ ਹੈ। ਇਹ ਵਾਟ ਪੰਜ ਤੋਂ ਅੱਠ ਘੰਟਿਆਂ ਵਿਚ ਪੈਦਲ ਤਹਿ ਹੁੰਦੀ ਹੈ। ਚਲਦੇ ਚਲਦੇ ਸਾਰੇ ਬਹੁਤ ਥੱਕ ਗਏ। ਸਤਹਿ ਸਮੁੰਦਰ ਤੋਂ 10500 ਫੁੱਟ ਦੀ ਬੁਲੰਦੀ ਤੇ ਇਹ ਇਕਾਂਤ ਅਤੇ ਸ਼ਾਂਤ ਅਸਥਾਨ ਹੈ। ਪਹਿਲਾਂ ਇਕ ਧਰਮਸਾਲਾ ਦੀ ਥਾਂ 1961 ਵਿਚ ਹੇਮਕੁੰਟ ਟਰੱਸਟ ਵੱਲੋਂ ਇਕ ਸੁੰਦਰ ਗੁਰਦੁਆਰਾ, ਲੰਗਰ ਅਤੇ ਕਈ ਕਮਰੇ ਸੰਗਤਾਂ ਦੇ ਬਿਸਰਾਮ ਲਈ ਬਣਵਾਏ ਗਏ ਹਨ। ਏਥੇ ਸਾਰੇ ਕਮਰੇ, ਫਰਸ਼, ਛੱਤਾਂ ਅਤੇ ਦੀਵਾਰਾਂ ਟੀਨ ਦੀ ਚਾਦਰ ਦੇ ਹਨ। ਲੰਗਰ ਅਤੇ ਕੰਬਲਾਂ ਦਾ ਕਾਫੀ ਅੱਛਾ ਪ੍ਰਬੰਧ ਹੈ। ਜੰਗਲਾਤ ਵਾਲਿਆਂ ਦਾ ਸਰਕਾਰੀ ਰੈਸਟ ਹਾਊਸ ਵੀ ਹੈ। ਅਸੀਂ ਤਾਂ ਰੈਸਟ ਹਾਊਸ ਵਿਚ ਹੀ ਠਹਿਰੇ ਸਾਂ। ਯਾਤਰੀ ਸਵੇਰੇ ਪੰਜ ਵਜੇ ਹੇਮਕੁੰਟ ਲਈ ਚਲ ਪੈਂਦੇ ਹਨ। ਅਕਸਰ ਵਰਖਾ ਹੁੰਦੀ ਰਹਿੰਦੀ ਹੈ। ਮੌਸਮ ਖਰਾਬ ਹੋਣ ਤੇ ਯਾਤਰੀਆਂ ਨੂੰ ਲਾਊਡ ਸਪੀਕਰ ਤੇ ਸੂਚਿਤ ਕਰ ਦਿੱਤਾ ਜਾਂਦਾ ਹੈ।

**ਫੁਲਾਂ ਦੀ ਘਾਟੀ** : ਗੋਬਿੰਦ ਧਾਮ ਤੋਂ ਚਾਰ ਕਿਲੋਮੀਟਰ ਤੇ ਸੰਸਾਰ ਦੀ ਪ੍ਰਸਿੱਧ ਫੁੱਲਾਂ ਦੀ ਘਾਟੀ ਹੈ ਜੋ ਅੱਧਾ ਮੀਲ ਚੌੜੀ ਹੇਮਕੁੰਟ ਪਰਬਤ ਦੇ ਆਲੇ-ਦੁਆਲੇ ਪ੍ਰਕਰਮਾ ਕਰ ਰਹੀ ਹੈ। ਇਹ 12000 ਫੁੱਟ ਉਚਾਈ ਤੇ ਹੈ। ਅਗਸਤ ਸਤੰਬਰ ਦੇ ਮਹੀਨੇ ਵਿਚ ਇਸ ਦੇ ਅਨੇਕਾਂ ਪ੍ਰਕਾਰ ਦੇ ਰੰਗ ਬਰੰਗੇ ਫੁੱਲ ਆਪਣੀ ਸੁੰਦਰਤਾ ਅਤੇ ਸੁਗੰਧੀ ਬਖੇਰਦੇ ਹਨ। ਇਸ ਫੁਲਵਾੜੀ ਨੂੰ ਭਾਰਤ ਸਰਕਾਰ ਵੱਲੋਂ ਨੈਸ਼ਨਲ ਪਾਰਕ ਦਾ ਦਰਜਾ ਦਿੱਤਾ ਗਿਆ ਹੈ।

**ਸ੍ਰੀ ਹੇਮਕੁੰਟ ਸਾਹਿਬ** : ਇਹ ਪਵਿੱਤਰ ਅਸਥਾਨ ਗੋਬਿੰਦ ਧਾਮ ਤੋਂ ਪੰਜ ਕਿਲੋਮੀਟਰ ਦੂਰ ਅਤੇ ਸਤਿਹ ਸਮੁੰਦਰ ਤੋਂ 15200 ਫੁੱਟ ਦੀ ਉਚਾਈ ਤੇ ਹੈ। ਅਸੀਂ 7 ਜੁਲਾਈ ਨੂੰ ਸਵੇਰੇ ਯਾਤਰਾ ਦੇ ਅੰਤਿਮ ਪੜਾਅ ਤੇ ਘੋੜੇ ਲੈ ਕੇ ਚਲ ਪਏ। ਇਹ ਰਸਤਾ ਬਹੁਤ ਹੀ ਕਠਨ ਚੜ੍ਹਾਈ ਵਾਲਾ ਹੈ। ਜਿਥੇ ਹਰ ਕਦਮ ਤੇ ਤੁਹਾਨੂੰ ਉਪਰ ਹੀ ਉਪਰ ਜਾਣਾ ਹੁੰਦਾ ਹੈ ਅਤੇ ਪੱਧਰਾ ਚਲਣ ਲਈ ਕੋਈ ਥਾਂ ਨਹੀਂ। ਘੋੜੇ ਤੇ ਵੀ ਡਿਗਣ ਦਾ ਡਰ ਲੱਗਾ ਰਹਿੰਦਾ ਹੈ। ਘੋੜੇ ਡੂੰਘੀ ਖਾਈ ਵਾਲੇ ਪਾਸੇ ਐਨ ਸਿਰੇ ਤੇ ਚਲਦੇ ਹਨ। ਘੋੜੇ ਵਾਲਾ ਵੀ ਗੁਰਦੁਆਰਾ ਸਾਹਿਬ ਤੋਂ ਦੋ ਕਿਲੋਮੀਟਰ ਉਰੇ ਪੈਂਦੇ ਬਰਫ ਦੇ ਗਲੇਸ਼ੀਅਰ ਕੋਲ ਹੀ ਸਵਾਰੀ ਨੂੰ ਉਤਾਰ ਦੇਂਦਾ ਹੈ ਅਤੇ ਇਸ ਤੋਂ ਅੱਗੇ ਸਾਰਿਆਂ ਨੂੰ ਦੋ ਕਿਲੋਮੀਟ ਪੈਦਲ ਚੱਲਣਾ ਪੈਂਦਾ ਹੈ। ਇਹ ਇਕ ਕਮਰ ਤੋੜਨ ਵਾਲੀ ਚੜ੍ਹਾਈ ਹੈ। ਏਨੀ ਉਚਾਈ ਤੇ ਹਵਾ ਵਿਚ ਆਕਸੀਜਨ ਦੀ ਮਾਤਰਾ ਘੱਟ ਹੋਣ ਕਰਕੇ ਥੋੜ੍ਹੇ ਕਦਮ ਚਲ ਕੇ ਸਾਹ ਫੁਲ ਜਾਂਦਾ ਹੈ ਅਤੇ ਸਧਾਰਨ ਯਾਤਰੀ ਨੂੰ ਰੁਕ ਰੁਕ ਕੇ ਮੂੰਹ ਵਿਚ ਗੁਲੂਕੋਜ਼ ਆਦਿ ਵਰਗੀ ਕੋਈ ਚੀਜ਼ ਪਾਉਣੀ ਪੈਂਦੀ ਹੈ ਅਤੇ ਵਾਹਿਗੁਰੂ ਵਾਹਿਗੁਰੂ ਕਹਿੰਦਿਆਂ ਅਗਲਾ ਕਦਮ ਪੁੱਟਣਾ ਪੈਂਦਾ ਹੈ। ਮੈਨੂੰ 70 ਸਾਲ ਦੀ ਉਮਰ ਵਿਚ ਹੌਲੀ-ਹੌਲੀ ਉਪਰ ਜਾਂਦਿਆਂ ਨੂੰ ਵੇਖ ਕੇ ਇਕ ਹੋਰ ਯਾਤਰੀ ਨੇ ਕਿਹਾ ਸੀ ਕਿ ਤੁਹਾਨੂੰ ਅੱਜ ਤੋਂ ਦਸ ਪੰਦਰਾਂ ਸਾਲ ਪਹਿਲਾਂ ਇਸ ਯਾਤਰਾ ਤੇ ਆਉਣਾ ਚਾਹੀਦਾ ਸੀ। ਅੱਧੀ ਵਾਟ ਚਲ ਕੇ ਜੰਗਲ ਖਤਮ ਹੋ ਜਾਂਦਾ ਹੈ ਅਤੇ ਅੱਗੇ ਬਸੰਤੀ ਰੰਗ ਦੇ ਬ੍ਰਹਮ ਕੰਵਲ ਦਾ ਖਿੱਤਾ ਸ਼ੁਰੂ ਹੋ ਜਾਂਦਾ ਹੈ। ਇਹ ਕੰਵਲ ਦੇ ਫੁਲ ਪਾਣੀ ਵਿਚ ਨਹੀਂ ਸਗੋਂ ਪਰਬਤ ਵਿਚ ਉਗੇ ਹੋਏ ਹਨ। ਅੰਤ ਵਿਚ ਕਾਫੀ ਪੌੜੀਆਂ ਚੜ੍ਹ ਕੇ ਅਸੀਂ ਪਵਿੱਤਰ ਤਪ ਅਸਥਾਨ ਅਤੇ ਸਰੋਵਰ ਤੇ ਪਹੁੰਚ ਜਾਂਦੇ ਹਾਂ। ਜਿੱਥੇ ਦੁਸ਼ਟ ਰਾਖਸ਼ਾਂ ਦਾ ਨਾਸ ਕਰਕੇ 'ਦੁਸ਼ਟ ਦਮਨ' ਜੀ ਨੇ ਪੂਰਬਲੇ ਜਨਮ ਵਿਚ ਬੈਠ ਕੇ ਤਪ ਕੀਤਾ ਸੀ ਅਤੇ ਆਪ ਪ੍ਰਭੂ ਨਾਲ ਅਭੇਤ ਹੋ ਗਏ ਸਨ।

ਇਸ ਅਸਥਾਨ ਤੇ ਇਕ ਉਲਟੇ ਕੰਵਲ ਫੁੱਲ ਦੇ ਡਿਜ਼ਾਇਨ ਵਾਲਾ ਸੁੰਦਰ ਦੋ ਮੰਜ਼ਲਾ ਗੁਰਦੁਆਰਾ ਸਾਹਿਬ ਹੈ। ਇਸ ਦੇ ਨਾਲ ਹੀ ਸੀਤਲ ਅੰਮ੍ਰਿਤ ਕੁੰਡ ਹੈ ਜੋ ਢਾਈ ਵਰਗ ਮੀਲ ਵਿਚ ਹੈ, ਜਿਸ ਦੇ ਤਿੰਨ ਪਾਸੇ ਸਪਤ ਸ੍ਰਿੰਗ ਦੀਆਂ ਉਚੀਆਂ ਬਰਫ਼ ਨਾਲ ਲੱਦੀਆਂ ਚੋਟੀਆਂ ਹਨ। ਹਰ

ਕੋਈ ਯਾਤਰੀ ਚੜ੍ਹਾਈ ਚੜ੍ਹਨ ਉਪਰੰਤ ਅਕਾਲ ਪੁਰਖ ਦਾ ਸ਼ੁਕਰਾਨਾ ਕਰਦਾ ਸਤਿਨਾਮੁ ਵਾਹਿਗੁ ਦਾ ਸਿਮਰਨ ਕਰਦਾ, ਇਸ ਸੀਤਲ ਸਰੋਵਰ ਵਿਚ ਇਸ਼ਨਾਨ ਕਰਦਾ ਹੈ। ਜਲ ਏਨਾ ਠੰਡਾ ਹੈ ਕਿ ਮੁਸ਼ਕਲ ਨਾਲ ਇਕ ਟੁਭਾ ਹੀ ਲੱਗਦਾ ਹੈ। ਸਫ਼ਰ ਦੀ ਸਾਰੀ ਥਕਾਨ ਦੂਰ ਹੋ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰ ਗ੍ਰੰਥ ਸਾਹਿਬ ਦਾ ਪ੍ਰਕਾਸ਼ ਚੰਦਨ ਦੀ ਪਾਲਕੀ ਵਿਚ ਹੁੰਦਾ ਹੈ। ਬਿਜਲੀ ਨਾ ਹੋਣ ਕਰਕੇ ਰੋਸ਼ਨੀ ਦੇਸੀ ਘਿਉ ਦੀ ਜੋਤ ਨਾਲ ਕੀਤੀ ਜਾਂਦੀ ਹੈ। ਪ੍ਰਸ਼ਾਦ ਕਾਜੂ, ਮੇਵੇ, ਸੌਂਗੀ ਅਤੇ ਪਿੰਨੀ ਦਾ ਹੁੰਦਾ ਹੈ। ਆਲੇ-ਦੁਆਲੇ ਦੀਆਂ ਬਰਫਾਨੀ ਚੋਟੀਆਂ ਤੇ ਕੇਸਰੀ ਨਿਸ਼ਾਨ ਸਾਹਿਬ ਝੂਲ ਰਹੇ ਹਨ। ਗਰਮ ਗਰਮ ਚਾਹ ਦੇ ਲੰਗਰ ਨਾਲ ਠੰਡ ਕੁਝ ਦੂਰ ਹੁੰਦੀ ਹੈ। ਏਥੇ ਸਰਦੀ ਜ਼ਿਆਦਾ ਹੋਣ ਕਰਕੇ ਅਤੇ ਹਵਾ ਵਿਚ ਆਕਸੀਜਨ ਬਹੁਤ ਘੱਟ ਹੋਣ ਕਰਕੇ ਯਾਤਰੀ ਸ਼ਾਮ ਤੱਕ ਵਾਪਸ ਗੋਬਿੰਦ ਧਾਮ ਪਹੁੰਚ ਕੇ ਬਿਸਰਾਮ ਕਰਦੇ ਹਨ। ਹਰ ਸਾਲ ਲਗਭਗ ਤੀਹ ਹਜ਼ਾਰ ਤੋਂ ਵੱਧ ਯਾਤਰੀ ਇਸ ਪਾਵਨ ਤੱਪ ਅਸਥਾਨ ਦੀ ਯਾਤਰਾ ਕਰਦੇ ਹਨ। ਇਹ ਯਾਤਰਾ 15 ਜੂਨ ਤੋਂ 15 ਜੁਲਾਈ ਤੱਕ ਕੀਤੀ ਜਾ ਸਕਦੀ ਹੈ। ਅਸੀਂ ਤਾਂ ਘੋੜਿਆਂ ਤੇ ਸ਼ਾਮ ਹਨ੍ਹੇਰਾ ਪੈਣ ਤੱਕ ਗੁਰਦੁਆਰਾ ਸਾਹਿਬ ਗੋਬਿੰਦ ਘਾਟ ਹੀ ਪਹੁੰਚ ਗਏ। ਅਗਲੇ ਦਿਨ 8 ਜੁਲਾਈ ਨੂੰ ਗੋਬਿੰਦ ਘਾਟ ਤੋਂ ਚਲ ਕੇ ਰਾਤ ਨੂੰ ਗੁਰਦੁਆਰਾ ਸਾਹਿਬ ਰਿਸ਼ੀਕੇਸ਼ ਬਿਸਰਾਮ ਕੀਤਾ। 9 ਜੁਲਾਈ 1995 ਨੂੰ ਕਾਰ ਤੇ ਸ਼ਾਮ ਤੱਕ ਕਪੂਰਥਲੇ ਘਰ ਵਾਪਿਸ ਆ ਗਏ। ਰਾਹ ਵਿਚੋਂ ਇਕ ਤਿਆਰ ਮੋਟੇ ਅੰਬਾਂ ਦੀ ਪੇਟੀ ਘਰ ਲਈ ਲੈ ਆਏ।

3. **ਇਕ ਗਰਮੀ ਰੁੱਤ ਦੀ ਕਸ਼ਮੀਰ ਯਾਤਰਾ** :

ਕਸ਼ਮੀਰ ਸਰ ਜ਼ਮੀਨ ਬਾਰੇ ਇਕ ਫ਼ਾਰਸੀ ਕਥਨ ਹੈ :-

ਗਰਫਰਦੋਸ ਬਰ ਰੂਏ ਜ਼ਮੀਂ ਅਸਤ, ਹਮੀ ਅਸਤੋ, ਹਮੀ ਅਸਤੋ, ਹਮੀ ਅਸਤ।

ਅਰਥਾਤ ਜੇ ਸਵਰਗ ਧਰਤੀ ਤੇ ਹੈ, ਤਾਂ ਇਹੀ ਹੈ, ਇਹੀ ਹੈ।

ਬੱਚਿਆਂ ਦੇ ਉੱਦਮ ਅਤੇ ਪ੍ਰੇਰਨਾ ਸਦਕਾ 50 ਸਾਲਾਂ ਬਾਅਦ ਇਕ ਵਾਰ ਫੇਰ ਜੂਨ, 2004 ਵਿਚ ਇਸ ਧਰਤੀ ਤੇ ਸਵਰਗ ਦੀ ਇਕ ਸਪਤਾਹ ਲਈ ਯਾਤਰਾ ਤੇ ਜਾਣ ਦਾ ਅਵਸਰ ਮਿਲਿਆ। ਇਸ ਤੋਂ ਪਹਿਲਾਂ 1954 ਦੀਆਂ ਗਰਮੀ ਦੀਆਂ ਛੁੱਟੀਆਂ ਵਿਚ ਰੰਧੀਰ ਗੌਰਮਿੰਟ ਕਾਲਜ ਕਪੂਰਥਲਾ ਦੇ ਇਕ ਅਜ਼ੀਜ਼ ਵਿਦਿਆਰਥੀ ਸਤਵੰਤ ਸਿੰਘ ਦੇ ਵੀਰ ਜੀ ਸ. ਗੁਰਿੰਦਰ ਸਿੰਘ ਸੇਖੋਂ ਆਪਣੀ ਇਕ ਵੱਡੀ ਖੁਲ੍ਹੀ ਜੀਪ ਵਿਚ ਸਾਨੂੰ ਛੇ ਜਣਿਆਂ ਨੂੰ ਆਪਣੇ ਨਾਲ ਕਸ਼ਮੀਰ ਲੈ ਗਏ ਅਤੇ ਸਾਰੀ ਵਾਦੀ ਦੀ ਸੈਰ ਕਰਵਾਈ ਸੀ।

ਇਸ ਵਾਰ ਇਹ ਦੂਜੀ ਯਾਤਰਾ ਸਾਲ 2004 ਦੀਆਂ ਗਰਮੀਆਂ ਵਿਚ 24 ਤੋਂ 29 ਜੂਨ ਤੱਕ ਕੀਤੀ ਗਈ। ਇਸ ਵਿਚ ਸੁਰਿੰਦਰ ਅਤੇ ਜਸਵਿੰਦਰ ਦੇ ਪਰਿਵਾਰਾਂ ਸਮੇਤ ਦੋ ਕਾਰਾਂ ਵਿਚ ਅਸੀਂ ਦਸ ਮੈਂਬਰ ਸਾਂ। ਛੁੱਟੀ ਤੇ ਆਏ ਕਰਨਲ ਪਰਮਜੀਤ ਸਿੰਘ ਦੇ ਨਾਲ ਹੋਣ ਕਰਕੇ ਗੈਰ ਸਰਕਾਰੀ ਸੁਰੱਖਿਆ ਦੇ ਅਹਿਸਾਸ ਨੇ ਅੱਤਵਾਦ ਦੀਆਂ ਖ਼ਬਰਾਂ ਦਾ ਡਰ ਕੁਝ ਘੱਟ ਕਰ ਦਿੱਤਾ ਸੀ। ਇਸ ਸਾਲ ਅਤਿ ਦੀ ਗਰਮੀ ਅਤੇ ਚਲਦੀ ਲੂ ਨਾਲ ਝੁਲਸੀਆਂ ਅੱਖਾਂ ਨੂੰ ਜ਼ੋਰ ਨਾਲ ਵਗਦੇ ਪਾਣੀ ਨੂੰ ਵੇਖ ਕੇ ਬੜੀ ਰਾਹਤ ਮਿਲੀ। ਇਹ ਮਾਧੋਪੁਰ ਦਾ ਹੈਡ ਵਰਕਸ ਸੀ ਜਿਥੇ ਦਰਿਆ ਰਾਵੀ ਤੋਂ ਬਾਰੀ ਦੁਆਬ ਨਹਿਰਾਂ ਨਿਕਲਦੀਆਂ ਹਨ ਅਤੇ ਜਿਸ ਦੇ ਸੁੰਦਰ ਪਿਕਨਿਕ ਰੀਜ਼ਾਰਟ ਤੇ ਸਾਡਾ ਕਾਫਲਾ ਲੇਟ ਲੰਚ ਲਈ ਰੁਕਿਆ ਸੀ। ਹੈਡ ਵਰਕਸ ਦੇ ਗੇਟਾਂ ਦੀ ਮੁਰੰਮਤ ਆਦਿ ਠੀਕ ਤਰ੍ਹਾਂ ਨਾ ਹੋਣ ਕਰਕੇ ਰਾਵੀ ਦਰਿਆ ਦਾ ਵੱਡੀ ਮਾਤਰਾ ਵਿਚ ਵੱਡਮੁੱਲਾ ਪਾਣੀ ਪਾਕਿਸਤਾਨ ਨੂੰ ਜਾਂਦਾ ਆਪਣੀ ਅੱਖੀਂ ਵੇਖ ਕੇ ਬੜਾ ਦੁੱਖ ਹੋਇਆ।

**ਊਧਮਪੁਰ ਕੈਂਟ** : ਮਾਧੋਪੁਰ ਬੈਰੀਅਰ ਦੇ ਨਾਲ ਲਗਦੇ, ਜੰਮੂ ਕਸ਼ਮੀਰ ਦੇ ਟੋਲ ਟੈਕਸ ਬੈਰੀਅਰ ਦੇ ਗੇਟਾਂ ਤੇ ਲੱਗੇ, ਵੱਡੇ-ਵੱਡੇ ਬੋਰਡ ਸਭ ਨੂੰ ਰਾਜ ਵਿਚ ਦਾਖਲ ਹੋਣ ਤੇ ਜੀ ਆਇਆਂ ਕਹਿੰਦੇ ਹਨ। ਨੈਸ਼ਨਲ ਹਾਈਵੇ ਨੰ:-1 ਏ ਤੇ ਚਲਦੇ ਹੋਏ ਜੰਮੂ ਪਹੁੰਚਣ ਤੋਂ ਕਾਫੀ ਪਹਿਲਾਂ ਮੁਖ ਸ਼ਾਹ ਰਾਹ ਨੂੰ ਛੱਡ ਕੇ ਸੱਜੇ ਹੱਥ ਜਾਂਦੀ ਸ਼ਾਰਟਕਟ ਸੜਕ ਤੇ ਹੋ ਲਏ ਅਤੇ ਸ਼ਾਮ ਤੱਕ ਊਧਮਪੁਰ ਕੈਂਟ ਪਹੁੰਚ ਗਏ। ਰਾਹ ਵਿਚ ਮਾਨਸਰ ਲੇਕ ਤੇ ਕੁਝ ਸਮਾਂ ਬਿਤਾਇਆ। ਉਹ ਇਕ ਧਾਰਮਿਕ ਜਲਗਾਹ ਮੰਨੀ ਗਈ ਹੈ। ਤਿੰਨ ਪਾਸੇ ਉਚੀਆਂ ਉਚੀਆਂ ਪਹਾੜੀਆਂ ਨਾਲ ਘਿਰੀ ਇਸ ਝੀਲ ਦਾ ਨੀਲੇ ਰੰਗ ਦਾ ਪਾਣੀ ਮੱਛੀਆਂ ਅਤੇ ਕੱਛੂਆਂ ਨੂੰ ਬੜਾ ਰਾਸ ਆਇਆ ਲੱਗਦਾ ਸੀ। ਉਥੋਂ ਹੀ ਲਏ ਆਟੇ ਦੀਆਂ ਗੋਲੀਆਂ ਝੀਲ ਦੇ ਪਾਣੀ ਵਿਚ ਬੱਚਿਆਂ ਵੱਲੋਂ ਸੁੱਟਣ ਤੇ ਇਹ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਲੜਦੇ ਚੰਗੇ ਲੱਗ ਰਹੇ ਸਨ। ਜੰਮੂ ਕਸ਼ਮੀਰ ਦੇ ਵਿਕਾਸ ਲਈ ਕੇਂਦਰ ਸਰਕਾਰ ਦੇ ਉਦਮਾਂ ਦਾ ਇਕ ਹੋਰ ਮੀਲ ਪੱਥਰ ਅਤੇ ਰੇਲ ਇੰਜੀਨੀਅਰਾਂ ਦਾ ਕਰਿਸ਼ਮਾ ਜੰਮੂ ਤੋਂ ਊਧਮਪੁਰ ਤੱਕ ਨਵੀਂ ਬਣੀ ਰੇਲ ਲਾਇਨ ਦਾ ਨਜ਼ਾਰਾ ਵੀ ਵੇਖਣ ਨੂੰ ਮਿਲਿਆ। ਅਣਗਿਣਤ ਸੁਰੰਗਾਂ ਅਤੇ ਪੁਲਾਂ ਤੋਂ ਲੰਘਦੀ ਇਸ ਰੇਲ ਪੱਟੜੀ ਨੂੰ ਚੁਕੀ ਰੱਖਣ ਵਾਲੇ ਕੁਝ ਪਿਲਰ ਤਾਂ ਸੌ ਫੁੱਟ ਤੋਂ ਵੱਧ ਉਚੇ ਲੱਗਦੇ ਸਨ। ਅੱਧ ਅਸਮਾਨੇ ਲਟਕ ਰਹੀ ਇਸ ਰੇਲ ਲਾਈਨ ਨੂੰ ਵੇਖ ਵੇਖ ਡਰ ਲੱਗਦਾ ਸੀ। ਇਸ ਤੇ ਚਲਦੀ ਰੇਲ ਵਿਚ ਸਫ਼ਰ ਕਰਨ ਵਾਲੇ ਯਾਤਰੀਆਂ ਦਾ ਰੱਬ ਹੀ ਰਾਖਾ ਹੈ। ਊਧਮਪੁਰ ਕੈਂਟ ਪਹੁੰਚਣ ਤੇ ਕਰਨਲ ਦੀ ਪਹਿਲਾਂ ਕਮਾਂਡ ਕੀਤੀ ਰਜਮੈਂਟ ਦੇ ਅਫ਼ਸਰਾਂ ਵੱਲੋਂ ਮੈੱਸ ਵਿਚ ਸਾਡਾ ਹਾਰਦਿਕ ਸਵਾਗਤ ਕੀਤਾ ਗਿਆ। ਗੈਸਟ ਹਾਊਸ ਦੇ ਖੁਲ੍ਹੇ ਕਮਰਿਆਂ ਵਿਚ ਠਹਿਰਨ ਦਾ ਪ੍ਰਬੰਧ ਬੜਾ ਆਰਾਮਦੇਹ ਸੀ, ਏਥੋਂ ਹੀ ਫ਼ੋਨ ਰਾਹੀਂ ਸ੍ਰੀਨਗਰ ਵਿਖੇ ਇਕ ਹੋਰ ਰਜਮੈਂਟ ਦੇ ਗੈਸਟ ਹਾਊਸ ਵਿਚ ਅਗਲੇ ਦਿਨਾਂ ਲਈ ਠਹਿਰਨ ਦਾ ਪ੍ਰਬੰਧ ਹੋ ਗਿਆ।

(**ਚਲਦਾ**)

# ਕਿਰਤ ਕਰੋ, ਨਾਮ ਜਪੋ, ਵੰਡ ਛਕੋ।

# ਸਫਲ ਜੀਵਨ ਲਈ ਸਹਿਜ ਮਾਰਗ ਦੀ ਲੋੜ

ਅੱਜ ਦੇ ਰਹਿਣ-ਸਹਿਣ ਵੱਲ ਨਿਗ੍ਹਾ ਮਾਰੀਏ ਤਾਂ ਅਜੋਕੀ ਜ਼ਿੰਦਗੀ ਵਿਚੋਂ ਆਪਸੀ ਭਾਈਚਾਰਕ ਸਾਂਝਾਂ, ਨਿਰਮਾਣਤਾ ਤੇ ਪਿਆਰ ਭਰੀਆਂ ਸੂਝਾਂ-ਬੂਝਾਂ ਕੋਹਾਂ ਦੂਰ ਹੁੰਦੇ ਜਾ ਰਹੇ ਹਨ। ਜ਼ਿੰਦਗੀ ਦੀ ਤੇਜ਼-ਤਰਾਰ ਤੇ ਭੱਜ-ਦੌੜ ਭਰੀਆਂ ਰਾਹਾਂ ਤੇ ਲੋਭ ਤੇ ਮੋਹ ਭਰੀਆਂ ਨਿਗਾਹਾਂ ਵਾਲੀ ਸੋਚ ਨੇ ਨਿੱਘੇ ਰਿਸ਼ਤਿਆਂ ਨੂੰ ਵੀ ਦੂਰ ਖੜੋ ਕੇ ਤੱਕਣ ਲਈ ਮਜਬੂਰ ਕਰ ਦਿੱਤਾ ਹੈ। ਆਪਣੇ ਤੇ ਆਪਣਿਆਂ ਲਈ ਲੋਭ ਭਰੀਆਂ ਵਸਤਾਂ ਭਾਲਦਾ ਇਨਸਾਨ ਆਪਣੇ ਕਰੀਬੀ ਤੇ ਦਿਲੀ ਸਾਂਝ ਵਾਲੇ ਰਿਸ਼ਤਿਆਂ ਨੂੰ ਭੁੱਲਦਾ ਜਾ ਰਿਹਾ ਹੈ ਤੇ ਇਨ੍ਹਾਂ ਰਿਸ਼ਤਿਆਂ ਨੂੰ ਪੈਰਾਂ ਹੇਠ ਮਧੋਲਦਾ ਅੱਗੇ ਵਧਦਾ ਜਾ ਰਿਹਾ ਹੈ।

ਅੱਜ ਨਿਮਰਤਾ, ਸਹਿਣਸ਼ੀਲਤਾ ਤਾਂ ਮਨੁੱਖੀ ਜਾਮੇ 'ਚੋਂ ਮਨਫੀ ਹੀ ਹੁੰਦੇ ਜਾ ਰਹੇ ਹਨ। ਚੋਰ-ਮੋਰੀ, ਠੱਗੀ-ਯਾਰੀ ਸਿਰਫ ਤੇ ਸਿਰਫ ਮਤਲਬ ਹੀ ਇਨ੍ਹਾਂ ਦੀ ਰੋਜ਼ ਦੀ ਕਾਰਗੁਜ਼ਾਰੀ ਹੁੰਦੀ ਹੈ। ਅਜਿਹੇ ਲੋਕ ਜ਼ਿੰਦਗੀ ਨੂੰ ਸਿਰਫ ਜਿਉਣਾ ਹੀ ਜਾਣਦੇ ਹਨ। ਇਸ ਜ਼ਿੰਦਗੀ ਰੂਪੀ ਵਿਸ਼ਾਲ ਤੇ ਲੰਬੇ ਪੈਂਡੇ ਤੇ ਚੱਲਦਿਆਂ ਇਨਸਾਨ ਨੂੰ ਕਈ ਖੁਸ਼ੀਆਂ ਤੇ ਨਮੋਸ਼ੀਆਂ ਵੀ ਝੱਲਣੀਆਂ ਪੈਂਦੀਆਂ ਹਨ। ਕੁਝ ਬੰਦੇ ਇਨ੍ਹਾਂ ਹਾਰਾਂ ਨੂੰ ਝੱਲ ਕੇ ਤੇ ਤਜ਼ਰਬੇ ਦੀ ਭੱਠੀ 'ਚ ਪੱਕ ਕੇ ਕੁੰਦਨ ਬਣ ਜਾਂਦੇ ਹਨ ਪਰ ਕੁਝ ਇਸ ਤੋਂ ਉਲਟ ਸਮੇਂ ਦੀ ਮਾਰ ਨਾ ਝੱਲਦੇ ਸਭ ਕੁਝ ਛੱਡ ਕੇ ਹੌਂਸਲਾ ਪ੍ਰਸਤ ਬਣ ਜਾਂਦੇ ਹਨ।

**ਮਹਿੰਦਰ ਸਿੰਘ**
ਡੀ.ਐਸ.ਪੀ. (ਸੇਵਾ ਮੁਕਤ)
ਡਬਲ ਰਾਸ਼ਟਰਪਤੀ ਐਵਾਰਡੀ
ਪ੍ਰਧਾਨ ਬ.ਮ.ਸ.ਲ.ਵ.ਸ. (ਰਜਿ.) ਜਲੰਧਰ
ਐਡਵਾਇਜ਼ਰ ਲੁਬਾਣਾ ਸੇਵਕ
98144-74535



ਅਜਿਹਿਆਂ ਲਈ ਫਿਰ ਨਸ਼ੇ ਤੇ ਬੇਗੈਰਤ ਗੁਲਾਮੀ ਹੀ ਆਖਰੀ ਸਮੇਂ ਵਜੋਂ ਬਾਕੀ ਬਚਦੀ ਹੈ। ਅਜਿਹੇ ਲੋਕਾਂ ਲਈ ਜ਼ਿੰਦਗੀ ਦੇ ਰਿਸ਼ਤਿਆਂ ਦੀਆਂ ਤੰਦਾਂ ਬੇਹੱਦ ਕਮਜ਼ੋਰ ਤੇ ਨਾਜ਼ੁਕ ਹੋ ਜਾਂਦੀਆਂ ਹਨ। ਜ਼ਿੰਦਗੀ ਨੂੰ ਜਿਉਣ ਤੇ ਮਾਨਣ ਵਿਚ ਬਹੁਤ ਫਰਕ ਹੈ। ਇਕ ਉਹ ਲੋਕ ਹਨ ਜੋ ਜ਼ਿੰਦਗੀ ਨੂੰ ਸਿਰਫ ਜਿਉਂਦੇ ਹਨ। ਉਨ੍ਹਾਂ ਨੂੰ ਇਸ ਗੱਲ ਨਾਲ ਕੋਈ ਸਰੋਕਾਰ ਨਹੀਂ ਕਿ ਉਨ੍ਹਾਂ ਦਿਨ ਵਿਚ ਕੀ ਬੁਰਾ ਕੀਤਾ, ਕੀ ਚੰਗਾ ਕੀਤਾ, ਕਿਸ ਨਾਲ ਧੋਖਾ ਕੀਤਾ, ਕਿਸ ਦਾ ਦਿਲ ਤੋੜਿਆ? ਝੂਠ, ਫਰੇਬ ਤੇ ਬੇਈਮਾਨੀ ਦੀ ਕਮਾਈ ਤੋਂ ਜਨਮੀ ਖੁਸ਼ੀ ਸਿਰਫ ਕੁਝ ਪਲ ਦੀ ਹੀ ਉਮਰ ਰੱਖਦੀ ਹੈ ਤੇ ਮਨ ਦਾ ਚੈਨ ਤੇ ਰਾਤਾਂ ਦੀ ਨੀਂਦ ਵੀ ਫਿਰ ਔਖਿਆਂ ਹੀ ਬਹੁੜਦੀ ਹੈ।

ਮਾੜੇ ਕਰਮ ਤੇ ਧੋਖਾ ਦਗੇ ਦਾ ਨਤੀਜਾ ਹਰ ਹਾਲ ਭੁਗਤਣਾ ਪੈਂਦਾ ਹੈ ਤੇ ਚਾਹੇ ਹੁਣ ਚਾਹੇ ਪਿਛੋਂ। ਅਜਿਹੇ ਨਿੱਜੀ ਲੋਭ, ਮੋਹ, ਸਮੇਂ ਤੇ ਸੰਘਰਸ਼ ਦੀ ਘੋੜ-ਦੌੜ ਵਿਚ ਸੰਸਕਾਰਾਂ ਤੇ ਰੱਬੀ ਕਿਰਤ ਤੋਂ ਸੱਖਣੇ ਰਹਿੰਦੇ ਹਨ। ਇਨ੍ਹਾਂ ਲਈ ਸਿਰਫ ਨੀਰਸ ਜਿਹੀ ਜ਼ਿੰਦਗੀ ਨੂੰ ਜਿਉਣਾ ਹੀ ਇਕ ਉਦੇਸ਼ ਰਹਿ ਜਾਂਦਾ ਹੈ। ਬਜ਼ੁਰਗਾਂ ਤੇ ਮਾਪਿਆਂ ਦੇ ਚਿਹਰਿਆਂ ਦੀਆਂ ਝੁਰੜੀਆਂ ਤੇ ਅੱਥਰੂ ਭਰੀਆਂ ਅੱਖਾਂ ਦੁੱਖ ਬਿਆਨ ਕਰਦੀਆਂ ਹਨ। ਉਹ ਅੱਖਾਂ ਵਿਚ ਵਿਲਕਣੀਆਂ ਭਰੇ ਹੋਏ ਸੋਚਦੇ ਤੇ ਲੋਚਦੇ ਦਿਖਦੇ ਹਨ ਕਿ ਕਾਸ਼ ਕਿਤੇ ਉਨ੍ਹਾਂ ਆਪਣੀ ਔਲਾਦ ਨੂੰ ਸਹੀ ਸੇਧ ਦਿੱਤੀ ਹੁੰਦੀ। ਸਹੀ ਸੰਸਕਾਰ ਦਿੱਤੇ ਹੁੰਦੇ।

ਅਗਲੀ ਪੀੜ੍ਹੀ ਨੂੰ ਸਹੀ ਜ਼ਿੰਦਗੀ ਜਿਉਣ ਤੇ ਮਾਨਣ ਦਾ ਮਨੋਰਥ ਸਮਝਾਉਣਾ ਮਾਤਾ ਪਿਤਾ ਦੇ ਹੀ ਹੱਥ ਵਸ ਹੁੰਦਾ ਹੈ। ਇਤਿਹਾਸ ਗਵਾਹ ਹੈ ਕਿ ਵੱਡੇ-ਵੱਡੇ ਰਾਜ-ਸਿੰਘਾਸਨ ਤੇ ਤਖਤੋ-ਤਾਜ ਐਵੇਂ ਇਕ ਦੋ ਦਿਨਾਂ 'ਚ ਨਹੀਂ ਬਣ ਜਾਂਦੇ। ਇਨ੍ਹਾਂ ਪਿੱਛੇ ਲੰਬੇ ਸਮਿਆਂ ਦੀ ਹੱਡ ਭੰਨਵੀਂ ਮਿਹਨਤ, ਜੱਦੋ-ਜਹਿਦ ਤੇ ਅਣਥੱਕ ਯਤਨ ਬੋਲਦੇ ਹਨ। ਬੱਚਿਆਂ ਨੂੰ ਛੋਟੀ ਉਮਰੇ ਹੀ ਕਿਰਤ, ਨਾਮ ਸਿਮਰਨ, ਸੱਚ ਤੇ ਸ਼ੁਭ ਗੁਣਾਂ ਦੇ ਬੀਜਾਂ ਨਾਲ ਪਰਵਰਿਸ਼ ਕਰਨੀ ਚਾਹੀਦੀ ਹੈ ਤਾਂ ਜੋ ਜਵਾਨੀ ਦੀ ਸਰਦਲ ਤੇ ਪਹੁੰਚਦੇ ਹੀ ਉਹ ਸੋਚੇ ਕਿ ਉਸ ਦਾ ਲਿਆ ਕੋਈ ਵੀ ਫੈਸਲਾ ਕਿਤੇ ਪਛਤਾਵਾ ਨਾ ਲੈ ਕੇ ਆਵੇ।

ਸਾਰੀ ਉਮਰੇ ਉਸ ਨੂੰ ਗਮੀ ਤੇ ਮਾਂ-ਬਾਪ ਨੂੰ ਅੱਥਰੂਆਂ ਦਾ ਹੜ੍ਹ ਨਾ ਝਾਗਣਾ ਪਵੇ। ਜ਼ਿੰਦਗੀ ਨੂੰ ਹੰਢਾਉਣਾ ਵੀ ਇਕ ਮਹਾਨ ਕਾਰਜ ਹੈ। ਇਸ ਸ਼੍ਰੇਣੀ ਦੇ ਲੋਕ ਉਹ ਹਨ ਜਿਨ੍ਹਾਂ ਨੇ ਪੀੜ੍ਹੀ-ਦਰ-ਪੀੜ੍ਹੀ ਸੰਸਕਾਰ, ਨਾਮ-ਸਿਮਰਨ, ਕਿਰਤ-ਸੱਚ ਦੇ ਬੀਜ ਆਪਣੀ ਪਿਛਲੀ ਪੀੜ੍ਹੀ ਤੋਂ ਲਏ ਤੇ ਅਗਲੀ ਲਈ ਬੀਜੇ ਹੁੰਦੇ ਹਨ ਤੇ ਉਹ ਉਮਰਾਂ ਦੇ ਤਜ਼ਰਬੇ ਤੇ ਵਿਸ਼ਵਾਸ ਦੇ ਪਾਣੀ ਨਾਲ ਸਿਜਦੇ ਹਨ। ਦੁੱਖ-ਸੁੱਖ ਦੇ ਤਾਪ, ਸਬਰ, ਭਜਨ-ਬੰਦਗੀ ਤੇ ਸੰਤੁਸ਼ਟੀ ਦੇ ਮਿਸ਼ਰਨ ਨਾਲ ਕੁੰਦਨ ਜਿਹੇ ਬਣ ਜਾਂਦੇ ਹਨ। ਜ਼ਿੰਦਗੀ ਨੂੰ ਜਿਉਣ, ਮਾਨਣ ਤੇ ਹੰਢਾਉਣ ਲਈ ਸਹੀ ਸੰਸਕਾਰ, ਸੱਚ, ਇਮਾਨਦਾਰੀ, ਸਬਰ, ਸੰਤੋਖ, ਕਿਰਤ ਤੇ ਨਾਮ ਦੀ ਸੋਝੀ ਦੀ ਗੁੜਤੀ ਤੇ ਜਾਗ ਅਜਿਹੇ ਗੁਣਾਂ ਦੇ ਧਾਰਨੀ ਮਾਪੇ ਹੀ ਦੇ ਸਕਦੇ ਹਨ।

# ਸਾਵਣ

ਜਰਨੈਲ ਸਿੰਘ ਮੱਖਣ



**ਤਨ ਮਨ ਸਾੜੀ ਜਾਵੇ, ਬਿਰਹੋ ਦੀ ਅੱਗ ਚੰਨਾ,**
**ਅੱਖੀਆਂ 'ਚੋਂ ਹੰਝੂ ਰਹੇ ਚੋਅ।**
**ਸਾਉਣ ਦੇ ਛਰਾਟੇ ਵਾਂਗੂ ਆ ਜਾ ਪਰਦੇਸੀਆ ਵੇ,**
**ਤਾਰਿਆਂ ਦੀ ਨਿੰਮੀ ਲੋਅ।**

ਕਿਸੇ ਕਵੀ ਦੀਆਂ ਉਪਰੋਕਤ ਸਤਰਾਂ ਬਹੁਤ ਹੀ ਥੋੜ੍ਹੇ ਸ਼ਬਦਾਂ ਵਿੱਚ ਬਹੁਤ ਕੁਝ ਬਿਆਨ ਕਰਦੀਆਂ ਹਨ। ਬਿਰਹੋ ਦੀ ਅੱਗ ਦਾ ਸੇਕ, ਉਸਦਾ ਕਿਸੇ ਦੇ ਤਨ ਮਨ ਤੇ ਅਸਰ, ਮਾਨਸਿਕ ਵੈਰਾਗ ਕਾਰਨ ਅੱਖੀਆਂ ਚੋਂ ਹੰਝੂਆਂ ਦਾ ਵਗਣਾ ਅਤੇ ਪਰਦੇਸੀ ਚੰਨ ਮਾਹੀ ਦੇ ਸਾਵਣ ਮਹੀਨੇ ਦੇ ਮੀਂਹ ਦੇ ਛਰਾਟੇ ਵਾਂਗ ਤਾਰਿਆਂ ਦੀ ਨਿੰਮੀ ਨਿੰਮੀ ਲੋਅ ਵਿੱਚ ਅਚਾਨਕ ਆ ਜਾਣ ਦੀ ਤਾਂਘ ਕਿਸੇ ਮੁਟਿਆਰ ਦੀ ਮਾਨਸਿਕ ਵੇਦਨਾ ਬਾ ਖ਼ੂਬੀ ਚਿਤਰਦੀ ਹੈ। ਸਾਉਣ ਮਹੀਨਾ ਬਰਸਾਤ ਦਾ ਮਹੀਨਾ ਹੈ। ਕੁੜੀਆਂ ਕੱਤਰੀਆਂ ਵਿੱਚ ਇਸ ਮਹੀਨੇ ਦੀ ਵਿਸ਼ੇਸ਼ ਖਿੱਚ ਅਤੇ ਤਾਂਘ ਪਾਈ ਜਾਂਦੀ ਹੈ। ਪਰ ਜਦ ਰੋਜ਼ਗਾਰ ਦੀ ਵਜ੍ਹਾ ਕਰਕੇ ਪਰਦੇਸ ਵਿੱਚ ਨੌਕਰੀ ਕਰਦਾ ਉਸਦਾ ਕੰਤ ਕੰਮ ਦੇ ਰੁਝੇਵਿਆਂ ਕਾਰਨ ਅਤੇ ਛੁੱਟੀ ਨਾ ਮਿਲਣ ਦੀ ਵਜ੍ਹਾ ਕਾਰਨ ਸਾਉਣ ਮਹੀਨੇ ਉਸ ਕੋਲ ਹਾਜ਼ਰ ਹੋਣ ਤੋਂ ਅਸਮਰੱਥ ਹੁੰਦਾ ਹੈ ਤਾਂ ਉਹ ਪੁਕਾਰ ਉੱਠਦੀ ਹੈ—

**ਤੂੰ ਪਰਦੇਸੀ ਚੰਨਾ, ਤੇਰੀ ਪਲ ਪਲ ਯਾਦ ਸਤਾਵੇ।**
**ਤੇਰੀ ਦੋ ਟਕਿਆਂ ਦੀ ਨੌਕਰੀ ਵੇ ਮੇਰਾ ਲੱਖਾਂ ਦਾ ਸਾਵਣ ਜਾਵੇ।**

ਦੇਸੀ ਮਹੀਨਾ ਸਾਵਣ ਦੀ ਪੰਜਾਬ ਵਾਸੀਆਂ ਵਿੱਚ ਵਿਸ਼ੇਸ਼ ਮਹੱਤਤਾ ਰਹੀ ਹੈ। ਜੇਠ ਹਾੜ ਦੀ ਹੱਡ ਸਾੜਵੀਂ ਗਰਮੀ ਤੋਂ ਬਾਅਦ ਸਾਵਣ ਦਾ ਮਹੀਨਾ ਬਰਸਾਤ ਦਾ ਮਹੀਨਾ ਹੋਣ ਕਾਰਨ ਗਰਮੀ ਤੋਂ ਰਾਹਤ ਮਿਲ ਜਾਂਦੀ ਸੀ। ਹੁਣ ਭਾਵੇਂ ਸਾਵਣ ਦੇ ਮਹੀਨੇ ਪਹਿਲਾਂ ਵਾਂਗ ਝੜੀਆਂ ਨਹੀਂ ਲਗਦੀਆਂ ਪਰ ਬੀਤੇ ਸਮਿਆਂ ਵਿੱਚ ਸਾਉਣ ਦੇ ਮਹੀਨੇ ਕਈ-ਕਈ ਦਿਨਾਂ ਦੀਆਂ ਲੰਬੀਆਂ ਝੜੀਆਂ ਲਗਦੀਆਂ ਸਨ। ਜੇਕਰ ਕਿਧਰੇ ਵੀਰਵਾਰ ਵਾਲੇ ਦਿਨ ਮੀਂਹ ਪੈਣ ਲੱਗ ਪੈਣਾ ਤਾਂ ਅਖੌਤ ਸੀ ਕਿ ਇਹ ਮੀਂਹ ਹੁਣ ਅੱਠ ਦਿਨ ਨਹੀਂ ਰੁਕੇਗਾ। ਆਮ ਆਖਿਆ ਜਾਂਦਾ ਸੀ—

**ਵੀਰਵਾਰ ਦੀ ਲੜੀ, ਨਾ ਕੋਠਾ ਨਾ ਕੜੀ...**

ਭਾਵੇਂ ਕੁਝ ਵੀ ਸੀ, ਸਾਉਣ ਮਹੀਨੇ ਹਰ ਪਾਸੇ ਹਰਿਆਲੀ ਛਾ ਜਾਂਦੀ ਸੀ। ਹਰ ਬਸ਼ਰ ਦੇ ਚਿਹਰੇ ਉੱਤੇ ਰੌਣਕ ਅਤੇ ਖੁਸ਼ੀ ਦਾ ਵਾਸ ਹੁੰਦਾ ਸੀ। ਬੱਚੇ ਕਿਲਕਾਰੀਆਂ ਮਾਰਦੇ ਹੋਏ ਵਰ੍ਹਦੇ ਮੀਂਹ ਵਿੱਚ ਨਹਾਉਂਦੇ ਅਤੇ ਗਾਉਂਦੇ ਸਨ—

**ਕਾਲੀਆਂ ਇੱਟਾਂ ਕਾਲੇ ਰੋੜ, ਮੀਂਹ ਵਰ੍ਹਾ ਦੇ ਜ਼ੋਰੋ ਜ਼ੋਰ।**

..........

**ਰੱਬਾ ਰੱਬਾ ਮੀਂਹ ਵਰ੍ਹਾ, ਸਾਡੀ ਕੋਠੀ ਦਾਣੇ ਪਾ...**

ਅਸਮਾਨ ਵਿੱਚ ਛਾਈਆਂ ਹੋਈਆਂ ਕਾਲੀਆਂ ਘਟਾਵਾਂ ਚੜ੍ਹ ਚੜ੍ਹ ਆਉਂਦੀਆਂ ਅਤੇ ਮੋਰਾਂ ਦੀ ਕੂਕ ਫਿਜ਼ਾਵਾਂ ਵਿੱਚ ਇੱਕ ਸੰਗੀਤ ਘੋਲ ਦਿੰਦੀ ਸੀ। ਪੈਲਾਂ ਪਾਉਂਦੇ ਮੋਰਾਂ ਨੂੰ ਵੇਖ ਹਰ ਪ੍ਰਾਣੀ ਦਾ ਮਨ ਨਸ਼ਿਆ ਜਾਂਦਾ। ਬਾਗਾਂ ਵਿੱਚ ਕੋਇਲ ਦੀ ਕੂ ਕੂ ਵਾਤਾਵਰਣ ਨੂੰ ਹੋਰ ਵੀ ਸੰਗੀਤਮਈ ਬਣਾ ਦਿੰਦੀ ਅਤੇ ਵਰ੍ਹਦੇ ਮੀਂਹ ਵਿੱਚ ਅੰਬ ਚੂਪਣ ਦਾ ਤਾਂ ਇੱਕ ਵੱਖਰਾ ਹੀ ਨਜ਼ਾਰਾ ਹੋ ਨਿੱਬੜਦਾ ਸੀ। ਜਦੋਂ ਮੀਂਹ ਦੇ ਭਰਵੇਂ ਛਰਾਟੇ ਤੋਂ ਬਾਅਦ ਨਿੱਕੀ-ਨਿੱਕੀ ਕਣੀ ਦੇ ਮੱਠੇ-ਮੱਠੇ ਪੈਂਦੇ ਮੀਂਹ ਨਾਲ ਫੁੱਲ ਬੂਟਿਆਂ ਤੇ ਆਇਆ ਨਿਖਾਰ ਹਰ ਇੱਕ ਦੇ ਮਨ ਵਿੱਚ ਖੇੜਾ ਭਰ ਦਿੰਦਾ ਸੀ। ਮੀਂਹ ਨਾਲ ਛਾਈ ਹਰਿਆਲੀ, ਉੱਛਲਦੇ ਦਰਿਆ, ਚੋਅ, ਬੇਈਆਂ, ਨਹਿਰਾਂ ਦੇ ਕੰਢੇ ਤੋੜ ਪਾਣੀ ਦਾ ਬਾਹਰ ਨਿਕਲ ਵਗਣਾ, ਤਪਦੀ ਸੜਦੀ ਧਰਤੀ ਦੀ ਹਿੱਕ ਠਾਰ ਦਿੰਦਾ ਸੀ। ਗੱਲ ਕੀ! ਸਾਰਾ ਮਾਹੌਲ ਹੀ ਖੁਸ਼ਗਵਾਰ ਹੋ ਨਿੱਬੜਦਾ ਸੀ। ਇਸੇ ਖੁਸ਼ਗਵਾਰੀ ਕਾਰਨ ਇਹ ਮਹੀਨਾ ਮੋਹ ਅਤੇ ਪਿਆਰ ਦਾ ਪ੍ਰਤੀਕ ਮੰਨਿਆ ਜਾਣ ਲੱਗ ਪਿਆ। ਪ੍ਰੇਮੀਆਂ ਦੇ ਮਨਾਂ ਵਿੱਚ ਇਸ ਮਹੀਨੇ ਆਪ ਮੁਹਾਰੇ ਪ੍ਰੇਮ ਪਿਆਰ ਦੀਆਂ ਛੱਲਾਂ ਉੱਠਣ ਲੱਗ ਪੈਂਦੀਆਂ—

**ਕੀੜਿਆਂ ਨੂੰ ਵੀ ਖੰਭ ਲੱਗ ਜਾਂਦੇ, ਸਾਉਣ ਮਹੀਨਾਂ ਪਿਆਰਾਂ ਦਾ...।**

..........

**ਜਦ ਸਾਉਣ ਮਹੀਨਾ ਆਉਂਦਾ ਹੈ**
**ਮਨ 'ਚ ਸੁੱਤੀਆਂ ਤਾਂਘਾਂ ਜਗਾਉਂਦਾ ਹੈ**
**ਗਰਮੀ ਨੂੰ ਕੱਢ ਸੀਨੇ ਠੰਢ ਪਾਉਂਦਾ ਹੈ**
**ਦੁਖੀ ਮਨ ਵੀ, ਸਾਵਣ ਵਿਚ ਮੁਸਕਰਾਉਂਦਾ ਹੈ**

ਪਰ ਰੀਤੀ ਰਿਵਾਜਾਂ ਦੀ ਸਿਤਮ ਜ਼ਰੀਫੀ ਦੇਖੋ ਕਿ ਵਿਆਹ ਤੋਂ ਬਾਅਦ ਪਹਿਲੇ ਸਾਵਣ ਵਿੱਚ ਨੂੰਹਾਂ ਅਤੇ ਸੱਸਾਂ ਦੇ ਇੱਕ ਦੂਜੇ ਦੇ ਮੱਥੇ ਨਾ ਲੱਗਣ ਦਾ ਰਿਵਾਜ ਹੈ। ਇਸੇ ਲਈ ਨਵੀਂ ਵਿਆਹੁਲੀ ਮੁਟਿਆਰ ਨੂੰ ਉਸਦੇ ਪੇਕੇ ਵਾਪਸ ਉਸ ਦੇ ਪਿੰਡ ਲੈ ਜਾਂਦੇ ਹਨ। ਪਰ ਇਸ ਮਸਤਾਨੀ ਰੁੱਤ ਅਤੇ ਪਿਆਰਾਂ ਦੇ ਮਹੀਨੇ ਵਿੱਚ ਗਭਰੂ ਆਪਣੀ ਹਾਨਣ ਦਾ ਵਿਛੋੜਾ ਨਾ ਝੱਲਦਾ ਹੋਇਆ ਗੱਡੀ ਜੋੜ ਕੇ ਉਸਨੂੰ ਲੈਣ ਵਾਸਤੇ ਆਪਣੇ ਸਹੁਰੇ ਪਿੰਡ ਚਲਾ ਜਾਂਦਾ ਹੈ। ਪਰ ਰੀਤਾਂ ਰਿਵਾਜਾਂ ਦੀ ਬੱਝੀ ਹੋਈ ਅਤੇ ਆਪਣੀਆਂ ਸਹੇਲੀਆਂ ਵਿੱਚ ਪਰਚੀ ਹੋਈ ਮੁਟਿਆਰ ਆਪਣੇ ਕੰਤ ਨੂੰ ਆਖਦੀ ਹੈ—

**ਸਾਉਣ ਦੇ ਮਹੀਨੇ ਵੇ ਤੂੰ ਆਇਆਂ ਗੱਡੀ ਜੋੜ ਕੇ।**
**ਜਾ ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਲੈ ਜਾ ਮੋੜ ਕੇ।**

ਜਾਂ

**ਸਾਉਣ ਦਾ ਮਹੀਨਾ, ਬਾਗਾਂ ਵਿੱਚ ਬੋਲਣ ਮੋਰ ਵੇ।**
**ਮੈਂ ਨਹੀਂ ਸਹੁਰੇ ਜਾਣਾ, ਗੱਡੀ ਨੂੰ ਲੈ ਜਾ ਮੋੜ ਵੇ...।**

..........

**ਸਾਉਣ ਦੇ ਮਹੀਨੇ ਮੰਜੇ ਡਾਹੀਏ ਨਾ ਵੇ ਜੋੜ ਕੇ।**
**ਵਗਦੇ ਪਰਨਾਲੇ, ਪਾਣੀ ਲੈ ਜੂਗਾ ਵੇ ਰੋੜ੍ਹ ਕੇ...।**

ਇਸ ਖੁਸ਼ੀਆਂ ਅਤੇ ਖੇੜਿਆਂ ਭਰੇ ਮਹੀਨੇ ਵਿੱਚ ਖਾਣ-ਪੀਣ ਵਾਸਤੇ ਵੀ ਉਚੇਚੇ ਇੰਤਜ਼ਾਮ ਕੀਤੇ ਜਾਂਦੇ ਸਨ। ਜਨਾਨੀਆਂ ਆਪਣੇ ਚੁਲ੍ਹੇ ਚੌਂਕੇ ਦੇ ਕੰਮ ਮੁਕਾ ਕੇ ਮਰਦਾਂ ਨੂੰ ਲੋਏ ਲੋਏ ਰੋਟੀ ਪਾਣੀ ਖਾਣ ਲਈ ਆਖਦੀਆਂ। ਸ਼ਾਮ ਪੈਣ ਤੇ ਦੀਵੇ ਬੱਤੀ ਵੇਲੇ ਭਮੱਕੜਾਂ ਦੀ ਭਰਮਾਰ ਹੋ ਜਾਂਦੀ ਸੀ ਅਤੇ ਖਾਣਾ ਖਾਣ ਦਾ ਕੰਮ ਔਖਾ ਹੋ ਜਾਂਦਾ ਸੀ। ਦਿਨ ਵੇਲੇ ਵਰ੍ਹਦੇ ਮੀਂਹ ਵਿੱਚ ਘਰ ਦੀਆਂ ਸਿਆਣੀਆਂ ਔਰਤਾਂ ਨੇ ਬੱਚਿਆਂ ਨੂੰ ਪਿੱਪਲ ਦੇ ਪੱਤੇ ਲਿਆਉਣ ਵਾਸਤੇ ਕਹਿਣਾ ਤਾਂ ਜੁ ਪੂੜੇ ਬਣਾਏ ਸਕਣ। ਇਸ ਮਹੀਨੇ ਵਰ੍ਹਦੇ ਮੀਂਹ ਵਿੱਚ ਹਰ ਘਰ ਵਿੱਚ ਖੀਰਾਂ ਅਤੇ ਪੂੜੇ ਬਣਾਏ ਜਾਂਦੇ ਸਨ। ਬਹੁਤ ਸਵਾਦਾਂ ਨਾਲ ਅਤੇ ਉਤਸ਼ਾਹ ਨਾਲ ਇਨ੍ਹਾਂ ਦਾ ਸੇਵਨ ਕੀਤਾ ਜਾਂਦਾ ਸੀ। ਉਂਝ ਉਨ੍ਹਾਂ ਸਮਿਆਂ ਵਿਚ ਡਾਕਟਰੀ ਸਹੂਲਤਾਂ ਘੱਟ ਹੋਣ ਦੀ ਵਜ੍ਹਾ ਨਾਲ ਲੋਕ ਆਪਣੀ ਸੇਹਤ ਦਾ ਖਿਆਲ ਰੱਖਦਿਆਂ ਬਹੁਤ ਸਾਰੀਆਂ ਚੀਜ਼ਾਂ ਦਾ ਪਰਹੇਜ਼ ਵੀ ਰੱਖਦੇ ਸਨ। ਇਸ ਮੌਸਮ ਵਿੱਚ ਬੈਕਟੀਰੀਆ ਅਤੇ ਇਨਫੈਕਸ਼ਨ ਫੈਲਣ ਦਾ ਖਤਰਾ ਵਧ ਜਾਂਦਾ ਹੈ। ਇਸ ਮਹੀਨੇ ਹਰੀਆਂ ਅਤੇ ਪੱਤੇਦਾਰ ਸਬਜ਼ੀਆਂ ਨਾਲ ਵਾਤ ਦੀ ਸ਼ਕਾਇਤ ਵਧਦੀ ਹੈ। ਇਸ ਤੋਂ ਇਲਾਵਾ ਇਨ੍ਹਾਂ ਸਬਜ਼ੀਆਂ ਵਿੱਚ ਬੈਕਟੀਰੀਆ ਤੇ ਕੀੜੇ ਮਕੌੜੇ ਹੋਣ ਦੀ ਸੰਭਾਵਨਾ ਵੀ ਹੁੰਦੀ ਹੈ ਜਿਨ੍ਹਾਂ ਨੂੰ ਕਈ ਵਾਰ ਅਸੀਂ ਦੇਖ ਨਹੀਂ ਸਕਦੇ। ਇਸ ਲਈ ਇਨ੍ਹਾਂ ਦੀ ਵਰਤੋਂ ਤੋਂ ਇਸ ਮੌਸਮ ਵਿੱਚ ਬਚਣਾ ਹੀ ਬੇਹਤਰ ਹੈ। ਇਸ ਮੌਸਮ ਵਿੱਚ ਸਬਜ਼ੀਆਂ ਕੱਚੀਆਂ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਸਬਜ਼ੀਆਂ ਕੇਵਲ ਉਬਾਲ ਕੇ ਹੀ ਖਾਣੀਆਂ ਚਾਹੀਦੀਆਂ ਹਨ। ਦੁਧ ਅਤੇ ਦਹੀਂ ਦੀ ਵਰਤੋਂ ਵੀ ਇਸ ਮੌਸਮ ਵਿੱਚ ਘੱਟ ਕਰਨੀ ਚਾਹੀਦੀ ਹੈ। ਇਨ੍ਹਾਂ ਦੀ ਵਰਤੋਂ ਨਾਲ ਪੇਟ ਗੈਸ ਅਤੇ ਗਲੇ ਦੀਆਂ ਬਿਮਾਰੀਆਂ ਦੀ ਸੰਭਾਵਨਾ ਵਧਦੀ ਹੈ। ਬਰਸਾਤੀ ਮੌਸਮ ਵਿੱਚ ਮੱਛੀ ਦੇ ਪ੍ਰਜਣਨ ਦਾ ਸਮਾਂ ਹੁੰਦਾ ਹੈ। ਇਸ ਲਈ ਇਸ ਸਮੇਂ ਸੰਕਰਮਣ ਦਾ ਖਤਰਾ ਹੋਣ ਦੇ ਮੌਕੇ ਵਧੇਰੇ ਪ੍ਰਬਲ ਹੁੰਦੇ ਹਨ ਤੇ ਇਸ ਤੋਂ ਬਚਣਾ ਚਾਹੀਦਾ ਹੈ। ਅਨਾਜ, ਦਾਲਾਂ ਅਤੇ ਫਲਾਂ ਦੀ ਵਰਤੋਂ ਵਧੇਰੇ ਕਰਨੀ ਚਾਹੀਦੀ ਹੈ। ਪੁਰਾਣੇ ਸਮਿਆਂ ਦੇ ਲੋਕ ਇਨ੍ਹਾਂ ਗੱਲਾਂ ਦਾ ਖਾਸ ਖਿਆਲ ਰੱਖਦੇ ਸਨ ਅਤੇ ਆਪਣੀ ਤੰਦਰੁਸਤੀ ਬਣਾਈ ਰੱਖਦੇ ਹਨ। ਖੀਰਾਂ ਪੂੜਿਆਂ ਨਾਲ ਸਬੰਧਤ ਬੋਲੀਆਂ ਹਾਜ਼ਰ ਹਨ—

**ਸੱਸ ਮੇਰੀ ਨੇ ਪੂੜੇ ਬਣਾਏ, ਨਾਲ ਬਣਾਈ ਖੀਰ।**
**ਖਾਣ ਪੀਣ ਦੇ ਵੇਲੇ ਮੇਰੇ ਢਿੱਡ 'ਚ ਪੈ ਗਈ ਪੀੜ।**
**ਨੀ ਸੱਸੇ ਰਤਾ ਦੇਈਂ ਜਵੈਣ, ਰਤਾ ਦੇਈਂ ਜਵੈਣ...**

..........

**ਸਾਵਣ ਦਾ ਮਹੀਨਾ ਆਇਆ।**
**ਮੀਂਹ ਦੇ ਛਰਾਟੇ ਨਾਲ ਲਿਆਇਆ।**
**ਦਾਦੀ ਦੁਧ ਦੀ ਖੀਰ ਬਣਾਈ।**
**ਸਾਨੂੰ ਪੂੜਿਆਂ ਨਾਲ ਖੁਆਈ।**
**ਖੁਸ਼ੀਆਂ ਖੇੜੇ ਲਿਆਇਆ ਸਾਵਣ।**
**ਬੱਚੇ ਰਲ ਮਿਲ ਨੱਚਣ ਗਾਵਣ।**

..........

**ਸਾਵਣ ਖੀਰ ਨਾ ਖਾਧੀਆ,**
**ਕਿਉਂ ਜੰਮਿਆ ਅਪਰਾਧੀਆ।**

ਸਾਵਣ ਦੇ ਮਹੀਨੇ ਦਾ ਇੰਤਜ਼ਾਰ ਕਰਦੇ ਲੋਕ ਸਾਵਣ ਚੜ੍ਹ ਪੈਣ ਤੇ ਮਹੀਨੇ ਦਾ ਸਵਾਗਤ ਇਨ੍ਹਾਂ ਸ਼ਬਦਾਂ ਨਾਲ ਕਰਦੇ ਹਨ—

**ਲੱਖ ਖੁਸ਼ੀਆਂ ਤੇ ਸਧਰਾਂ ਲੈ ਕੇ ਚੜ੍ਹਿਆ ਸਾਉਣ ਮਹੀਨਾ।**
**ਕੂ ਕੂ ਕਰਕੇ ਕੋਇਲਾਂ ਕੂਕਣ, ਬੀਂਡੇ ਵਾਂਗਰ ਬੀਨਾ...**

..........

**ਸਾਉਣ ਮਹੀਨਾ ਭਾਗੀਂ ਭਰਿਆ, ਠੰਢੀਆਂ ਪੈਣ ਫੁਹਾਰਾਂ।**
**ਧੰਨ ਭਾਗ ਦੁਨੀਆਂ ਦੇ, ਖੇਤੀਂ ਆਈਆਂ ਬਹਾਰਾਂ...**

ਸਾਉਣ ਦੇ ਮਹੀਨੇ ਕੁੜੀਆਂ ਚਿੜੀਆਂ ਦੇ ਦਿਲਾਂ ਵਿੱਚ ਚਾਵਾਂ ਦੀਆਂ ਨ੍ਹੇਰੀਆਂ ਉਠਦੀਆਂ ਹਨ। ਇਸੇ ਲਈ ਆਖਿਆ ਗਿਆ ਹੈ—

**ਸੌਣ ਦੇ ਮਹੀਨੇ ਵਿੱਚ, ਕੁੜੀਆਂ ਦੇ ਸੀਨੇ ਵਿੱਚ,**
**ਕਿਕਲੀਆਂ ਪਾਉਂਦੇ ਲੱਖਾਂ ਚਾਅ...**
**ਮਹਿੰਦੀਆਂ ਲਗਾਉਣ, ਚੁੰਨੀਆਂ ਰੰਗਾਉਣ,**
**ਚੂੜੀਆਂ ਦੇ ਪੁੱਛਦੀਆਂ ਭਾਅ...**

ਇਹੋ ਜਿਹੇ ਚਾਅ ਕੇਵਲ ਕੁੜੀਆਂ ਦੇ ਸੀਨਿਆਂ ਵਿੱਚ ਹੀ ਨਹੀਂ ਉਗਮਦੇ ਸਗੋਂ ਚੋਬਰਾਂ ਦੇ ਦਿਲਾਂ ਵਿੱਚ ਵੀ ਧੜਕਦੇ ਹਨ। ਉਹ ਵੀ ਆਪਣੀ ਖੁਸ਼ੀ ਆਪਣੀ ਹਾਨਣ ਨਾਲ ਸਾਂਝੀ ਕਰਨੀ ਲੋਚਦੇ ਹਨ। ਉਨ੍ਹਾਂ ਦਾ ਦਿਲ ਵੀ ਧਮਾਲਾਂ ਪਾਉਣੀਆਂ ਚਾਹੁੰਦੈ—

**ਸਾਉਣ ਦੀ ਝੜੀ ਨੀ ਲੱਗੀ ਸਾਉਣ ਦੀ ਝੜੀ,**
**ਮੈਂ ਵੀ ਖੜਾ ਕੋਠੇ, ਤੂੰ ਵੀ ਛੱਤ ਤੇ ਚੜ੍ਹੀ,**
**ਦਿਲ ਵਿੱਚ ਆਏ ਖਿਆਲ ਤੇ ਦੱਸਣੇ ਨੂੰ ਜੀਅ ਕਰਦੈ**
**ਸਾਉਣ ਦੀ ਝੜੀ ਦੇ ਵਿੱਚ, ਤੇਰੇ ਨਾਲ ਨੱਚਣੇ ਨੂੰ ਜੀਅ ਕਰਦੈ**

ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਾਰਨ ਫਸਲਾਂ ਵਾਸਤੇ ਪਾਣੀ ਮੁੱਖ

ਲੋੜ ਹੈ। ਇਸ ਲਈ ਸਾਵਣ ਦੇ ਮਹੀਨੇ ਭਰਪੂਰ ਬਰਸਾਤ ਲਈ ਸੁੱਖਾਂ ਸੁੱਖੀਆਂ ਜਾਂਦੀਆਂ ਹਨ। ਤਰ੍ਹਾਂ-ਤਰ੍ਹਾਂ ਦੇ ਕਰਮ ਕਾਂਡ ਵੀ ਕੀਤੇ ਜਾਂਦੇ ਹਨ। ਗੁੱਡੀ ਫੂਕਣਾ ਅਤੇ ਖੁਆਜੇ ਦਾ ਦਲ਼ੀਆ ਦੇਣਾ ਆਦਿ ਰਸਮੋਂ ਰਿਵਾਜ ਪ੍ਰਚੱਲਤ ਰਹਿ ਚੁੱਕੇ ਹਨ। ਇਸੇ ਪ੍ਰਥਾਇ ਇੱਕ ਭੈਣ ਆਪਣੇ ਭਰਾ ਦੀਆਂ ਮੀਂਹ ਵਾਸਤੇ ਅਰਦਾਸਾਂ ਵਿੱਚ ਸ਼ਾਮਲ ਹੁੰਦੀ ਆਖਦੀ ਹੈ—

**ਹੋ ਕੱਲਰਾਂ ਵਿੱਚ ਢੇਰੀ, ਬੱਦਲਾ ਸਾਉਣ ਦਿਆ**
**ਲਾਈ ਕਾਹਤੋਂ ਦੇਰੀ, ਬੱਦਲਾ ਸਾਉਣ ਦਿਆ**
**ਵਰ੍ਹ ਜਾਈਂ ਚੁੱਪ ਕਰਕੇ ਬੱਦਲਾ ਸਾਉਣ ਦਿਆ**

ਅੱਜ ਕਲ੍ਹ ਮੌਸਮਾਂ ਵਿੱਚ ਬਹੁਤ ਬਦਲਾਅ ਪਹਿਲਾਂ ਦੀ ਨਿਸਬਤ ਦੇਖਣ ਨੂੰ ਮਿਲਦਾ ਹੈ। ਪਰ ਪਹਿਲਾਂ ਵੀ ਜਦੋਂ ਕਦੇ ਸਾਉਣ ਦੇ ਮਹੀਨੇ ਮੀਂਹ ਨਹੀਂ ਸਨ ਪੈਂਦੇ ਅਤੇ ਸਾਉਣ ਸੁੱਕਾ ਨਿਕਲ ਜਾਂਦਾ ਸੀ ਤਾਂ ਕਿਸਾਨੀ ਦਾ ਸੰਤਾਪ ਵਧ ਜਾਂਦਾ ਸੀ ਅਤੇ ਇਸ ਨਾਲ ਜਨ ਜੀਵਨ ਪ੍ਰਭਾਵਿਤ ਹੁੰਦਾ ਸੀ। ਇਕ ਲੋਕ ਬੋਲੀ ਪੇਸ਼ ਹੈ—

**ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਚੀਮਾ।**
**ਸਾਉਣ ਮਹੀਨੇ ਮੀਂਹ ਨਾ ਪੈਂਦਾ, ਸੁੱਕੀਆਂ ਵਾਹੁਣ ਜ਼ਮੀਨਾਂ।**
**ਤੂੜੀ ਖਾ ਖਾ ਬਲਦ ਹਾਰ ਗਏ,**
**ਗਭਰੂ ਗਿੱਝ ਗਏ ਫੀਮਾਂ।**
**ਤੇਰੀ ਬੈਠਕ ਨੇ ਪੱਟਿਆ ਕਬੂਤਰ ਚੀਨਾ,**
**ਤੇਰੀ ਬੈਠਕ ਨੇ...**

ਕੋਈ ਸ਼ੱਕ ਨਹੀਂ ਕਿ ਸਾਉਣ ਦਾ ਮਹੀਨਾ ਮਨੁੱਖਤਾ ਦੇ ਭਾਗਾਂ ਵਿੱਚ ਰੰਗ ਭਰਦਾ ਹੈ। ਧਰਤੀ ਮੌਲਦੀ ਹੈ। ਜਵਾਨੀ ਟਹਿਕਦੀ ਮਹਿਕਦੀ ਅਤੇ ਹੁਲਾਰੇ ਲੈਂਦੀ ਹੋਈ ਖਿੜ ਉੱਠਦੀ ਹੈ। ਖੁਸ਼ੀ ਵਿੱਚ ਖੀਵੀ ਹੋਈ ਮਸਤ ਜਵਾਨੀ ਨੂੰ ਕੋਈ ਪਰਵਾਹ ਨਹੀਂ ਹੁੰਦੀ ਕਿ ਇਸ ਬਰਸਾਤੀ ਮਹੀਨੇ ਦੀਆਂ ਭਾਰੀ ਬਾਰਸ਼ਾਂ ਵਿੱਚ ਉਨ੍ਹਾਂ ਦੇ ਪਾਏ ਹੋਏ ਮਹਿੰਗੇ ਅਤੇ ਕੀਮਤੀ ਕੱਪੜੇ ਖਰਾਬ ਹੋ ਰਹੇ ਹਨ। ਉਹ ਤਾਂ ਕੇਵਲ ਆਪਣੇ ਮਨ ਦੀ ਮੌਜ ਵਿੱਚ ਮਸਤ ਹਨ—

**ਆਇਆ ਸਾਵਣ ਦਿਲ ਪਰਚਾਵਣ,**
**ਝੜੀ ਲੱਗ ਗਈ ਭਾਰੀ।**
**ਝੂਟੇ ਲੈਂਦੀ ਮਰੀਆਂ ਭਿੱਜ ਗਈ,**
**ਨਾਲੇ ਰਾਮ ਪਿਆਰੀ।**
**ਕੁੜਤੀ ਹਰੋ ਦੀ ਭਿੱਜ ਗਈ ਵਰੀ ਦੀ,**
**ਭਿੱਜੀ ਕਿਸ਼ਨੋ ਦੀ ਫੁਲਕਾਰੀ...**

ਸਾਉਣ ਦੇ ਮਹੀਨੇ ਦਾ ਧਾਰਮਿਕ ਮਹੱਤਵ ਵੀ ਬਹੁਤ ਜ਼ਿਆਦਾ ਸਮਝਿਆ ਗਿਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਾਗ ਵਡਹੰਸ ਵਿੱਚ ਇਸਤਰੀ ਪੁਰਸ਼ ਦੇ ਪਿਆਰ ਦੀ ਤੜਪ ਨੂੰ ਇਸਤਰੀ ਰੂਪੀ ਜੀਵ ਦੀ ਪਰਮਾਤਮਾ ਰੂਪੀ ਪਤੀ ਨਾਲ ਸਾਉਣ ਮਹੀਨੇ ਵਿੱਚ ਮਿਲਾਪ ਦੀ ਤੜਪ ਨੂੰ ਬਿਆਨ ਕਰਦਿਆਂ ਫੁਰਮਾਇਆ ਹੈ—

**ਮੋਰੀ ਰੁਣ ਝੁਣ ਲਾਇਆ, ਭੈਣੇ ਸਾਵਣ ਆਇਆ।**
**ਤੇਰੇ ਮੁੰਧ ਕਟਾਰੇ ਜੇਵਡਾ, ਤਿਨ ਲੋਭੀ ਲੋਭ ਲੁਭਾਇਆ।**

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਪੰਚਮ ਪਾਤਿਸ਼ਾਹ ਜੀ ਨੇ ਵੀ ਫੁਰਮਾਇਆ ਹੈ—

**ਸਾਵਣ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰ ॥**
**ਮਨ ਤਨ ਰੱਤਾ ਸਚ ਰੰਗਿ ਇਕੋ ਨਾਮ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ, ਦਿਸਨਿ ਸਭੈ ਛਾਰੁ ॥**
**ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲ ਸਾਧੂ ਪੀਵਣਹਾਰ ॥**
**ਵਣ ਤ੍ਰਿਣ ਪ੍ਰਭ ਸੰਗ ਮਉਲਿਆ, ਸੰਮ੍ਰਥ ਪੁਰਖ ਅਪਾਰੁ ॥**
**ਹਰ ਮਿਲਣੇ ਨੂੰ ਮਨ ਲੋਚਦਾ ਕਰਮਿ ਮਿਲਾਵਣਹਾਰੁ ॥**
**ਜਿਨੀ ਸਖੀਏ ਪ੍ਰਭੁ ਪਾਇਆ ਹਉ ਤਿਨ ਕੇ ਸਦ ਬਲਿਹਾਰ ॥**
**ਨਾਨਕ ਹਰਿ ਜੀ ਮਇਆ ਕਰ ਸਬਦਿ ਸਵਾਰਣਹਾਰੁ ॥**
**ਸਾਵਣੁ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿ ਹਾਰੁ ॥**

ਭਾਵ ਅਰਥ ਇਹ ਹੈ ਕਿ ਜਿਵੇਂ ਸਾਉਣ ਵਿੱਚ ਵਰਖਾ ਨਾਲ ਬਨਸਪਤੀ ਤੇ ਹਰਿਆਲੀ ਆ ਜਾਂਦੀ ਹੈ ਤਿਵੇਂ ਹੀ ਜੀਵ ਰੂਪੀ ਇਸਤਰੀ ਹਰਿਆਵਲ ਭਾਵ ਉਸ ਦਾ ਹਿਰਦਾ ਖਿੜ ਪੈਂਦਾ ਹੈ। ਜਿਸ ਦਾ ਪਿਆਰ ਪ੍ਰਭੂ ਚਰਨਾਂ ਨਾਲ ਬਣ ਜਾਂਦਾ ਹੈ ਉਸਦਾ ਤਨ ਮਨ ਪਰਮਾਤਮਾ ਦੇ ਰੰਗ ਵਿੱਚ ਰੰਗਿਆ ਜਾਂਦਾ ਹੈ। ਉਸਦੀ ਜ਼ਿੰਦਗੀ ਦਾ ਅਧਾਰ ਹੀ ਪਰਮਾਤਮਾ ਦਾ ਨਾਮ ਬਣ ਜਾਂਦਾ ਹੈ। ਉਸਨੂੰ ਮਾਇਆ ਦੇ ਨਾਸਵੰਤ ਕੌਤਕ ਨਿਕੰਮੇ ਨਜ਼ਰ ਆਉਂਦੇ ਹਨ। ਹਰੀ ਦੇ ਨਾਮ ਦੀ ਆਤਮਕ ਜੀਵਨ ਦੇਣ ਵਾਲੀ ਅਮ੍ਰਿਤ ਬੂੰਦ ਹੀ ਉਸਨੂੰ ਚੰਗੀ ਲਗਦੀ ਹੈ ਤੇ ਪ੍ਰਭੂ ਪਿਆਰਿਆਂ ਨਾਲ ਸਤਸੰਗ ਕਰਕੇ ਉਹ ਇਸਨੂੰ ਪ੍ਰਾਪਤ ਕਰਦਾ ਹੈ। ਸਰਬ ਸਮਰੱਥ ਪ੍ਰਭੂ ਜਿਸ ਨੇ ਇਹ ਸਭ ਬਨਸਪਤੀ ਤੇ ਹਰਿਆਵਲ ਲਿਆਂਦੀ ਹੈ ਉਸ ਪ੍ਰਭੂ ਨਾਲ ਮਿਲਾਪ ਵਾਸਤੇ ਜੀਵ ਇਸਤਰੀ ਦਾ ਮਨ ਤਾਂਘਦਾ ਹੈ। ਪਰ ਨਿਰਮਲ ਹਿਰਦੇ ਨਾਲ ਕੀਤੇ ਹੋਏ ਕਰਮ ਹੀ ਇਸ ਮਿਲਾਪ ਵਾਸਤੇ ਸਹਾਈ ਹੋ ਸਕਦੇ ਹਨ। ਮੈਂ ਉਨ੍ਹਾਂ ਗੁਰਮੁਖਾਂ (ਸਖੀਏ, ਸਹੇਲੀਆਂ) ਤੋਂ ਬਲਿਹਾਰੇ ਹਾਂ, ਕੁਰਬਾਨ ਹਾਂ ਜਿਨ੍ਹਾਂ ਨੇ ਪ੍ਰਭੂ ਦਾ ਮਿਲਾਪ ਹਾਸਲ ਕਰ ਲਿਆ ਹੈ। ਹੇ ਪ੍ਰਭੂ ਤੂੰ ਮੇਰੇ ਤੇ ਵੀ ਮੇਹਰ ਕਰ ਅਤੇ ਤੂੰ ਹੀ ਗੁਰ ਸ਼ਬਦ ਰਾਹੀ ਮੇਰੀ ਜਿੰਦ ਨੂੰ ਸਵਾਰਨ ਜੋਗਾ ਹੈ। ਸਾਵਣ ਦਾ ਮਹੀਨਾ ਉਨ੍ਹਾਂ ਭਾਗਾਂ ਵਾਲੀਆਂ ਜੀਵ ਇਸਤਰੀਆਂ ਵਾਸਤੇ ਖੇੜਾ ਤੇ ਠੰਡਕ ਲਿਆਉਣ ਵਾਲਾ ਹੈ ਜਿਨ੍ਹਾਂ ਨੇ ਆਪਣੇ ਹਿਰਦੇ ਰੂਪ ਗਲ਼ ਵਿੱਚ ਪਰਮਾਤਮਾ ਦਾ ਨਾਮ ਰੂਪ ਹਾਰ ਪਾਇਆ ਹੋਇਆ ਹੈ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਵੀ ਗੁਰਬਾਣੀ ਅੰਦਰ ਆਖਿਆ ਹੈ—

**ਸਾਵਣ ਆਇਆ ਹੇ ਸਖੀ ਕੰਤੈ ਚਿਤ ਕਰੇਹੁ ॥**
**ਨਾਨਕ ਝੂਰਿ ਮਰਹਿ ਦੋਹਾਗਣੀ, ਜਿਨ ਅਵਰੀ ਲਾਗਾ ਨੇਹੁ ॥**

ਬਾਬਾ ਸ਼ੇਖ਼ ਫਰੀਦ ਜੀ ਨੇ ਸਾਵਣ ਦਾ ਜ਼ਿਕਰ ਕਰਦਿਆਂ ਆਖਿਆ ਹੈ—

**ਕਤਿਕ ਕੂੰਜਾਂ ਚੇਤਿ ਡਉ, ਸਾਵਣਿ ਬਿਜੁਲੀਆ ॥**
**ਸੀਆਲੇ ਸੋਹੰਦੀਆਂ ਪਿਰ ਗਲ ਬਾਹੜੀਆਂ ॥**

ਬਾਬਾ ਬੁਲ੍ਹੇ ਸ਼ਾਹ ਜੀ ਨੇ ਵੀ ਆਪਣੀਆਂ ਰਚਨਾਵਾਂ ਵਿੱਚ ਸਾਵਣ ਦਾ ਜ਼ਿਕਰ ਕੀਤਾ ਹੈ। ਉਨ੍ਹਾਂ ਆਖਿਆ ਹੈ—

**ਸਾਵਣ ਮੋਹੇ ਮੇਘਲਾ, ਘਟ ਸੋਹੇ ਕਰਤਾਰ ॥**
**ਠੌਰ ਠੌਰ ਅਨਾਇਤ ਬਸੇ, ਪਪੀਹਾ ਕਰੇ ਪੁਕਾਰ ॥**

ਇਸੇ ਤਰ੍ਹਾਂ ਸਾਵਣ ਦੇ ਮਹੀਨੇ ਦਾ ਹਿੰਦੂ ਧਰਮ ਵਿੱਚ ਵਿਸ਼ੇਸ਼ ਮਹੱਤਵ ਹੈ। ਪੌਰਾਣਕ ਮਾਨਤਾ ਹੈ ਕਿ ਸ਼ਿਵ ਜੀ ਦਾ ਪੂਜਨ ਸਾਉਣ ਮਹੀਨੇ ਕਰਨ ਨਾਲ ਉਹ ਬਹੁਤ ਛੇਤੀ ਪ੍ਰਸੰਨ ਹੁੰਦੇ ਹਨ। ਸਾਉਣ ਮਹੀਨੇ ਵਰਤ ਕਰਨ ਨਾਲ ਸ਼ੁਭ ਫਲ ਵੀ ਜਲਦੀ ਮਿਲਦਾ ਹੈ। ਸਾਵਣ ਦੇ ਮਹੀਨੇ ਹੀ ਕਾਂਵੜ ਯਾਤਰਾ ਨਿਕਲਦੀ ਹੈ। ਇਸ ਮਹੀਨੇ ਸੋਮਵਾਰ ਦੇ ਦਿਨ ਦਾ ਵਿਸ਼ੇਸ਼ ਮਹੱਤਵ ਮੰਨਿਆ ਗਿਆ ਹੈ ਅਤੇ ਸੋਮਵਾਰ ਦਾ ਦਿਨ ਮਨੋਕਾਮਨਾਵਾਂ ਪੂਰਨ ਕਰਨ ਵਾਲਾ ਮੰਨਿਆ ਜਾਂਦਾ ਹੈ।

ਸਾਹਿਤਕ ਹਲਕਿਆਂ ਵਿੱਚ ਵੀ ਸਾਵਣ ਦਾ ਵਿਸ਼ੇਸ਼ ਮਹੱਤਵ ਹੈ। ਪਹਿਲਾਂ ਸਾਵਣ ਕਵੀ ਦਰਬਾਰ ਆਯੋਜਤ ਕੀਤੇ ਜਾਂਦੇ ਰਹੇ ਹਨ ਬਹੁਤ ਥਾਈਂ। ਪਰ ਹੁਣ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਇਨ੍ਹਾਂ ਪ੍ਰੋਗਰਾਮਾਂ ਤੋਂ ਗੁਰੇਜ਼ ਕੀਤਾ ਜਾਣ ਲੱਗਾ ਹੈ। ਸ਼ਿਵ ਕੁਮਾਰ ਨੇ ਸਾਵਣ ਦਾ ਜ਼ਿਕਰ ਇਨ੍ਹਾਂ ਸ਼ਬਦ ਵਿੱਚ ਕੀਤਾ ਹੈ—

**ਸਾਵਣ ਮੇਰੇ ਨੈਣੀਂ ਧੁਖਦਾ, ਸੱਜਣਾ ਦੀ ਛੂਹ ਨੂੰ ਤਰਸੇ।**
**ਹਿਜਰਾਂ ਦੇ ਬੁੱਲਾਂ ਨੂੰ ਜੋ ਚੁੰਮੇ, ਉਹ ਨਾ ਧਾਰਾ ਬਰਸੇ।**
**ਜਿਹੜੀ ਰੁੱਤੇ ਸੱਜਣ ਮਿਲਦੇ, ਉਹ ਰੁੱਤ ਕਦ ਆਏ...**

ਕਿਸੇ ਹੋਰ ਨੂੰ ਸਾਉਣ ਦੀ ਰੁੱਤ ਆਪਣੇ ਸੱਜਣ ਦੀਆਂ ਪਿਆਰ ਮਹਿਕਾਂ ਲੈ ਕੇ ਆਈ ਪ੍ਰਤੀਤ ਹੁੰਦੀ ਹੈ। ਉਸਨੂੰ ਚਾਰ ਚੁਫੇਰਾ ਹੀ ਕਿਸੇ ਸੱਜ ਵਿਆਹੀ ਵਾਂਗ ਨਜ਼ਰ ਆਉਂਦਾ ਹੈ। ਕਵੀ ਦੇ ਸ਼ਬਦ ਇੰਜ ਹਨ—

**ਪਿਆਰ ਤੇਰੇ ਦੀਆਂ ਮਹਿਕਾਂ ਲੈ ਕੇ,**
**ਰੁੱਤ ਸਾਉਣ ਦੀ ਆਈ ਵੇ ਸੱਜਣਾ।**
**ਮੈਨੂੰ ਤਾਂ ਅੱਜ ਲੱਗਦੀ ਪਈ ਏ,**
**ਧਰਤ ਵੀ ਅੱਜ ਵਿਆਹੀ ਵੇ ਸੱਜਣਾ।**

ਇੱਕ ਕਵੀ ਸਾਵਣ ਨੂੰ ਮੁਖਾਤਿਬ ਹੁੰਦਾ ਹੋਇਆ ਆਖਦਾ ਹੈ ਕਿ ਜੇ ਤੂੰ ਆਇਆ ਹੈਂ ਤਾਂ ਵਰ੍ਹ ਜਾ। ਹੇ ਸਾਵਣ! (ਆਪਣਾ ਫਰਜ਼ ਅਦਾ ਕਰਦਾ ਹੋਇਆ) ਕੁਝ ਨਾ ਕੁਝ ਤਾਂ ਕਰ ਤਾਂ ਜੁ ਠੰਢੀਆਂ ਪੌਣਾਂ ਤੋਂ ਮੀਂਹ ਦੇ ਛਰਾਟਿਆਂ ਨਾਲ ਧਰਤੀ ਦਾ ਸੀਨਾ ਠੰਢਾ ਠਾਰ ਹੋ ਜਾਵੇ। ਪਰ ਹੁਣ ਸਮੇਂ ਬਦਲ ਚੁੱਕੇ ਹਨ। ਹੁਣ ਹਰੀ ਕਰਾਂਤੀ ਨੇ ਮਨੁੱਖ ਨੂੰ ਕੁਦਰਤ ਨਾਲੋਂ ਤੋੜ ਦਿੱਤਾ ਹੈ। ਹੁਣ ਸਾਡਾ ਪਾਣੀ ਅਮ੍ਰਿਤ ਰਸ ਦਾ ਮੱਟ ਨਹੀਂ ਰਿਹਾ। ਹੁਣ ਸਾਡਾ ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਇਹ ਪਾਣੀ ਹਿਰਦੇ ਠਾਰਨ ਦੀ ਥਾਂ ਲਾ—ਇਲਾਜ ਬਿਮਾਰੀਆਂ ਪੈਦਾ ਕਰਨ ਵਾਲਾ ਹੋ ਗਿਆ ਹੈ। ਸਾਵਣ ਦੇ ਮਹੀਨੇ ਹੁਣ ਝੜੀਆਂ ਨਹੀਂ ਲੱਗਦੀਆਂ। ਨਾਂ ਹੀ ਹੁਣ ਬੱਚੇ ਗਲੀਆਂ ਵਿੱਚ ਨੱਚਦੇ ਟੱਪਦੇ ਨਹਾਉਂਦੇ ਅਤੇ ਗਾਉਂਦੇ ਹਨ। ਬੱਚੇ ਹੁਣ ਮੀਂਹ ਦੇ ਪਾਣੀ ਦੇ ਰੋੜ੍ਹ ਵਿੱਚ ਕਾਗਜ਼ਾਂ ਦੀ ਕਿਸ਼ਤੀਆਂ ਬਣਾ ਬਣਾ ਕੇ ਨਹੀਂ ਠੇਲ੍ਹਦੇ।

ਹੁਣ ਪਰਿਵਾਰ ਵੀ ਸੰਯੁਕਤ ਨਹੀਂ ਰਹੇ। ਵਿਦੇਸ਼ਾਂ ਦੇ ਲਿੱਲ੍ਹ ਨੇ ਪਰਿਵਾਰਕ ਤਾਣਾ ਬਾਣਾ ਖੇਰੂੰ ਖੇਰੂੰ ਕਰ ਦਿੱਤਾ ਹੈ। ਇਸ ਲਈ ਖੀਰਾਂ ਪੂੜੇ ਅੱਵਲ ਤਾਂ ਹੁਣ ਬਣਦੇ ਨਹੀਂ। ਪਰ ਜੇ ਕੋਈ ਪਤੀ ਪਤਨੀ ਕਿਧਰੇ ਖੀਰ ਪੂੜੇ ਬਣਾ ਹੀ ਲੈਣ ਤਾਂ ਉਸਦਾ ਪਹਿਲਾਂ ਵਰਗਾ ਰਸ ਨਹੀਂ ਰਿਹਾ।

ਹਰੀ ਕਰਾਂਤੀ ਦੀ ਮਾਰ ਹੇਠ ਰੁੱਖਾਂ ਦੀ ਧੜਾ ਧੜ ਕਟਾਈ ਨੇ ਮੌਸਮਾਂ ਵਿੱਚ ਵੱਡਾ ਬਦਲਾਅ ਲਿਆਂਦਾ ਹੈ। ਖੇਤੀ ਦੇ ਮਸ਼ੀਨੀਕਰਨ ਨੇ ਸਮਾਜਿਕ ਰਹਿਤਲ ਵਿੱਚ ਵੱਡੀ ਤਬਦੀਲੀ ਲਿਆਂਦੀ ਹੈ। ਵਿਗਿਆਨ ਦੀ ਤਰੱਕੀ ਅਤੇ ਤਕਨਾਲੋਜੀ ਕਾਰਨ ਮਨੁੱਖੀ ਜੀਵਨ ਵਿੱਚ ਬਦਲਾਅ ਬਹੁਤ ਤੇਜ਼ੀ ਨਾਲ ਆ ਰਹੇ ਹਨ। ਬਦਲ ਰਹੇ ਹਾਲਾਤ ਵਿੱਚ ਸਾਵਣ ਦਾ ਉਹ ਮਹੱਤਵ ਨਹੀ ਰਿਹਾ ਜੋ ਪਹਿਲਾਂ ਸੀ। ਨਾ ਹੀ ਹੁਣ ਸਾਵਣ ਵਿੱਚ ਝੜੀਆਂ ਲੱਗਦੀਆਂ ਹਨ। ਜੇ ਕਿਧਰੇ ਘੰਟਾ ਕੁ ਮੀਂਹ ਪੈ ਵੀ ਜਾਵੇ ਤਾਂ ਮੀਂਹ ਦਾ ਜ਼ੋਰ ਲੱਗ ਜਾਂਦੈ ਅਤੇ ਉਸ ਤੋਂ ਤੁਰੰਤ ਬਾਅਦ ਸੂਰਜ ਦੀ ਤਿੱਖੀ ਧੁੱਪ ਨਿਕਲ ਆਉਂਦੀ ਹੈ ਜਦ ਕਿ ਪਹਿਲਾਂ ਕਈ ਕਈ ਦਿਨਾਂ ਦੀਆਂ ਝੜੀਆਂ ਵਿੱਚ ਲੋਕ ਸੂਰਜ ਦੇ ਦਰਸ਼ਨ ਕਰਨ ਲਈ ਵੀ ਤਰਸ ਜਾਂਦੇ ਸਨ। ਜਸਵੀਰ ਸਿੰਘ ਦਦਾਹੂਰ ਨਾਮ ਦੇ ਲੇਖਕ ਦੀਆਂ ਘੜੀਆਂ ਹੋਈਆਂ ਨਵੀਆਂ ਬੋਲੀਆਂ ਨਵੇਂ ਹਾਲਾਤ ਨੂੰ ਬਿਆਨ ਕਰਦੀਆਂ ਹੋਈਆਂ ਬਹੁਤ ਸੋਹਣਾ ਸ਼ਾਬਦਿਕ ਚਿਤਰ ਚਿਤਰਦੀਆਂ ਹਨ—

**ਕਾਲੀਆਂ ਘਟਾਵਾਂ ਨਹੀਓਂ ਚੜ੍ਹਦੀਆਂ,**
**ਨਾ ਸਾਉਣ ਦੀਆਂ ਝੜੀਆਂ।**
**ਲੋਕਾਂ ਦੇ ਵੱਲ ਵੇਖ ਵੇਖ ਕੇ ਰੱਬ ਪੁਗਾਉਂਦੈ ਅੜੀਆਂ।**
**ਮਾਲ੍ਹ ਪੂੜੇ ਨਾ ਖਾਂਦਾ ਕੋਈ, ਚੀਜ਼ਾਂ ਖਾਣ ਬਜ਼ਾਰੂ ਸੜੀਆਂ।**
**ਗੱਲਾਂ ਸੱਚੀਆਂ ਨੇ, ਨਹੀਂ ਬਨਾਉਟੀ ਘੜੀਆਂ...**
**ਗੱਲਾਂ ਸੱਚੀਆਂ ਨੇ...**

..........

**ਜੰਗਲ ਬੇਲੇ, ਵੱਢ ਵੱਢ ਬਾਲ੍ਹੇ, ਮੋਰ ਨਾ ਕਿਧਰੇ ਕੂਕਣ।**
**ਪਹਿਲਾਂ ਵਰਗੇ ਸਾਉਣ ਛਰਾਟੇ, ਕਿਸੇ ਪਾਸੇ ਨਾ ਸ਼ੂਕਣ।**
**ਮੀਂਹ ਤੂੰ ਪਾ ਰੱਬਾ, ਗੁੱਡੀਆਂ ਥਾਂ ਥਾਂ ਫੂਕਣ...**
**ਮੀਂਹ ਤੂੰ...**

..........

**ਸਾਉਣ ਮਹੀਨਾ ਖੁਸ਼ੀਆਂ ਭਰਿਆ,**
**ਪਰ ਅੱਜ ਕਲ੍ਹ ਖੁਸ਼ੀਆਂ ਉਡੀਆਂ।**
**ਨਾਂ ਹੀ ਪਿੱਪਲੀ ਪੀਂਘਾਂ ਪੈਂਦੀਆਂ,**
**ਨਾ ਹੀ ਪੈਂਦੀਆਂ ਲੁੱਡੀਆਂ।**
**ਬੰਜਰ ਜ਼ਮੀਨਾਂ 'ਚੋਂ ਹੁਣ ਪੁੱਟੀਆਂ ਜਾਣ ਨਾ ਮੁੱਢੀਆਂ...**
**ਬੰਜਰ ਜ਼ਮੀਨਾਂ ਚੋਂ....**

ਕੁਲ ਮਿਲਾਕੇ ਸਾਉਣ ਦਾ ਮਹੀਨਾ ਪਿਆਰਾਂ, ਖੇੜਿਆਂ ਅਤੇ ਹੁਲਾਸ ਨਾਲ ਭਰਪੂਰ ਮਹੀਨਾ ਹੈ, ਖੁਸ਼ੀਆਂ ਮਨਾਉਣ ਦਾ ਮਹੀਨਾ ਹੈ ਪਰ ਆਰਥਿਕ ਮਜਬੂਰੀਆਂ, ਰੀਤਾਂ ਰਸਮਾਂ ਰਿਵਾਜਾਂ ਦੇ ਬੰਧਨਾਂ ਕਾਰਨ ਵਿਛੋੜੇ ਦੇ ਸੱਲ, ਬਿਰਹੋਂ ਦਾ ਸੰਤਾਪ ਇਨ੍ਹਾਂ ਖੁਸ਼ੀਆਂ ਤੇ ਭਾਰੂ ਰਹਿੰਦਾ ਹੈ। ਇਹ ਗੱਲ ਵੱਖਰੀ ਹੈ ਕਿ ਪ੍ਰੀਤ ਪੈਣ ਵੇਲੇ ਕੋਈ ਗੱਭਰੂ ਆਪਣੀ ਹਾਨਣ ਨਾਲ ਵਾਅਦਾ ਕਰਦਾ ਆਖਦਾ ਹੈ—

**ਪ੍ਰੀਤਾਂ ਦੀ ਮੈਨੂੰ ਕਦਰ ਬਥੇਰੀ, ਲਾ ਕੇ ਤੋੜ ਨਿਭਾਵਾਂ।**
**ਨੀ ਕੋਇਲੇ ਸਾਉਣ ਦੀਏ, ਤੈਨੂੰ ਹੱਥ ਤੇ ਚੋਗ ਚੁਗਾਵਾਂ।**

ਬਦਲ ਚੁੱਕੇ ਹਾਲਾਤਾਂ ਨੇ ਸਾਵਣ ਦੇ ਮਹੀਨੇ ਦਾ ਪਹਿਲਾਂ ਵਾਲਾ ਮਹੱਤਵ ਖਤਮ ਕਰ ਦਿੱਤਾ ਹੈ।

*****

# ਵਰਖਾ ਰੁੱਤ



ਇਸ ਰੁੱਤ ਦੇ ਨਾਮ ਤੋਂ ਹੀ ਪਤਾ ਲੱਗਦਾ ਹੈ ਕਿ ਇਹ ਬਾਰਸ਼ ਦੇ ਦਿਨ ਹਨ। ਇਸ ਰੁੱਤ ਵਿਚ ਆਪਣੇ ਸਰੀਰ ਸਬੰਧੀ ਖਾਣ, ਪੀਣ, ਸੌਣ, ਕਸਰਤ ਆਦਿ ਦਾ ਖਿਆਲ, ਮੌਸਮ ਮੁਤਾਬਕ ਕੀਤਾ ਜਾਂਦਾ ਹੈ। ਭਾਵੇਂ ਕਿ ਇਹ ਮੌਸਮ ਸਾਰਿਆਂ ਨੂੰ ਹੀ ਸੁਹਾਵਣਾ ਲੱਗਦਾ ਹੈ ਪਰ ਫਿਰ ਵੀ ਕਹਿੰਦੇ ਹਨ ਕਿ ਪੁਰਾਤਨ ਵੈਦ/ਹਕੀਮ ਤਾਂ ਕਰਦੇ ਹੀ ਸੀ ਪਰ ਅੱਜਕਲ੍ਹ ਦੇ ਵੈਦ/ਹਕੀਮ ਵੀ ਨਬਜ਼ ਦੇਖ ਕੇ ਹੀ ਪੂਰੇ ਸਰੀਰ ਦਾ ਮੁਆਇਨਾ (ਸਕੈਨਿੰਗ) ਕਰਨ ਦੇ ਕਾਬਲ ਹਨ। ਨਬਜ਼ ਤੋਂ ਹੀ ਹਰ ਬਿਮਾਰੀ ਨੂੰ ਲੱਭ ਕੇ ਉਪਚਾਰ ਕਰਨ ਦੀ ਸਲਾਹ ਦਿੰਦੇ ਹਨ।

ਇਸ ਰੁੱਤ ਵਿਚ ਸਾਉਣ-ਭਾਦਰੋਂ (ਜੁਲਾਈ-ਅਗਸਤ) ਦੇ ਮਹੀਨੇ ਆਉਂਦੇ ਹਨ। ਆਯੁਰਵੇਦ ਦੇ ਵਿਦਵਾਨਾਂ ਨੇ ਇਸ ਰੁੱਤ ਵਿਚ ਰੋਗਾਂ ਤੋਂ ਬਚਣ ਲਈ ਪ੍ਰਹੇਜ਼ ਦੱਸੇ ਹਨ ਜਿਵੇਂ ਕਿ ਵਰਖਾ ਵਿਚ ਭਿੱਜਣ ਤੋਂ ਬਚਣਾ ਚਾਹੀਦਾ ਹੈ। ਖੁਸ਼ਕ ਅਤੇ ਬਾਸੀ ਭੋਜਨ ਨਹੀਂ ਖਾਣਾ ਚਾਹੀਦਾ। ਜ਼ਿਆਦਾ ਕਸਰਤ ਵੀ ਨਹੀਂ ਕਰਨੀ ਚਾਹੀਦੀ। ਆਮ ਗਰਮੀ ਦੇ ਮੌਸਮ ਵਿਚ ਸੱਤੂ ਖਾਣ ਦੀ ਸਲਾਹ ਦਿੱਤੀ ਜਾਂਦੀ ਹੈ ਪਰ ਇਸ ਰੁੱਤ ਵਿਚ ਸੱਤੂ ਦਾ ਸੇਵਨ ਹਾਨੀਕਾਰਕ ਹੋ ਸਕਦਾ ਹੈ। ਇਸ ਬਾਰੇ ਇਕ ਅਖਾਣ ਵੀ ਆਮ ਪ੍ਰਚਲਤ ਹੈ -

**ਸਾਵਣ ਸੱਤੂ, ਚੇਤ ਗੁੜ, ਭਾਦੋਂ ਮੂਲੀ ਖਾਏ,**
**ਕਹੇ ਗੁਰੂ ਜੀ, ਬਾਲਕਾ ਰੋਗ ਵੱਡਾ ਬਣ ਜਾਏ।**

ਵਰਖਾ ਰੁੱਤ ਵਿਚ ਪਾਚਣ ਸ਼ਕਤੀ ਕਮਜ਼ੋਰ ਰਹਿੰਦੀ ਹੈ ਇਸ ਲਈ ਛੇਤੀ ਹਜ਼ਮ ਹੋਣ ਵਾਲਾ ਭੋਜਨ ਹੀ ਕਰਨਾ ਚਾਹੀਦਾ ਹੈ। ਹਰੀਆਂ ਸਬਜ਼ੀਆਂ ਭਿੰਡੀ, ਕਰੇਲਾ, ਕੱਚਾ ਕੇਲਾ, ਬੇਂਗਣ, ਟਿੰਡੇ, ਪਾਲਕ ਆਦਿ ਨੂੰ ਚੰਗੀ ਤਰ੍ਹਾਂ ਧੋ ਕੇ ਸਾਫ਼ ਕਰਕੇ ਹੀ ਵਰਤੋਂ ਵਿਚ ਲਿਆਉਣਾ ਚਾਹੀਦਾ ਹੈ। ਆਯੁਰਵੇਦਿਕ ਦੇ ਮਹਾਨ ਗਿਆਤਾ ਮਹਾਂਰਿਸ਼ੀ ਚਰਕ ਦੀਆਂ ਲਿਖੀਆਂ ਪੁਸਤਕਾਂ ਤੋਂ ਵੀ ਬਹੁਤ ਗਿਆਨ ਪ੍ਰਾਪਤ ਕੀਤਾ ਜਾ ਸਕਦਾ ਹੈ। ਪਾਚਣ ਸ਼ਕਤੀ ਵਧਾਉਣ ਲਈ ਕੁਝ ਘਰੇਲੂ ਨੁਸਖੇ ਜਗ੍ਹਾ-ਜਗ੍ਹਾ ਮਿਲ ਜਾਂਦੇ ਹਨ ਜਿਵੇਂ ਕਿ ਅਦਰਕ, ਲਸਣ, ਪਿਆਜ਼, ਕਾਲੀ ਮਿਰਚ, ਹਰੀ ਮਿਰਚ, ਸਿਰਕਾ, ਪੁਦੀਨਾ, ਜ਼ੀਰਾ, ਹਿੰਗ, ਅਜਵਾਇਣ, ਰਾਈ, ਮੇਥੀ, ਸੇਂਧਾ ਨਮਕ ਆਦਿ ਵਰਤਣਾ (ਜ਼ਰੂਰਤ ਮੁਤਾਬਕ) ਚਾਹੀਦਾ ਹੈ। ਪੇਟ ਦੇ ਰੋਗਾਂ ਦੇ ਖਾਤਮੇ ਲਈ ਅਤੇ ਪਾਚਣ ਸ਼ਕਤੀ ਵਧਾਉਣ ਲਈ ਅਦਰਕ, ਲਸਣ, ਹਰੀ ਮਿਰਚ ਆਦਿ ਕੁੱਟ ਕੇ, ਵਿਚ ਨਿੰਬੂ ਦਾ ਰਸ ਨਚੋੜ ਕੇ ਕਾਲਾ ਨਮਕ ਵਿਚ ਪਾ ਕੇ ਖਾਣਾ ਚਾਹੀਦਾ ਹੈ। ਗੈਸ ਬਨਣ ਦੀ ਬਿਮਾਰੀ ਦੇ ਖਾਤਮੇ ਲਈ ਦੇਸੀ ਘੀ ਵਿਚ ਪਿਆਜ ਅਤੇ ਲਸਣ ਪਕਾ ਕੇ ਖਾਣਾ ਚਾਹੀਦਾ ਹੈ। ਭਾਵੇਂ ਅੱਜਕਲ੍ਹ ਵਾਟਰ ਫਿਲਟਰ ਬਹੁਤ ਕੰਪਨੀਆਂ ਦੇ ਆ ਗਏ ਹਨ ਪਰ ਫਿਰ ਵੀ ਨਾਰਮਲ ਪਾਣੀ ਨੂੰ ਉਬਾਲ ਕੇ ਠੰਡਾ ਕਰਕੇ ਪੀਣਾ ਚਾਹੀਦਾ ਹੈ ਜਾਂ ਪਾਣੀ ਵਿਚ ਥੋੜ੍ਹੀ ਫਟਕੜੀ ਦਾ ਟੁਕੜਾ ਘੁਮਾ ਕੇ ਭਾਂਡਾ ਪਿਆ ਰਹਿਣ ਦਿਉ, ਜਾਲਾ ਜਿਹਾ ਥੱਲੇ ਬੈਠ ਜਾਵੇਗਾ ਤੇ ਪਾਣੀ ਪੀਣ ਯੋਗ ਬਣ ਜਾਵੇਗਾ। ਸਰੀਰ ਤੇ ਸਰੋਂ ਦੇ ਤੇਲ ਦੀ ਮਾਲਸ਼ ਲਾਭਕਾਰੀ ਹੈ।

ਉਸ ਅਕਾਲ ਪੁਰਖ ਵਾਹਿਗੁਰੂ ਦੀ ਰਚੀ ਹੋਈ ਅਮੋਲਕ ਅਦਭੁੱਤ ਸ੍ਰਿਸ਼ਟੀ 'ਚੋਂ ਮਨੁੱਖਾ ਜਨਮ ਸਭ ਤੋਂ ਉਤਮ ਹੈ ਤੇ ਬਾਕੀ ਸਾਰੀਆਂ ਹੀ ਜੂਨਾਂ ਦਾ ਅਗਰ ਬਾਦਸ਼ਾਹ ਵੀ ਕਹਿ ਲਈਏ ਤਾਂ ਅਤਿਕਥਨੀ ਨਹੀਂ ਹੋਵੇਗੀ। ਇਸ ਦੁਨੀਆਂ ਵਿਚ ਇਨਸਾਨ ਲਈ ਬਹੁਤ ਪ੍ਰਕਾਰ ਦੇ ਪਦਾਰਥ ਹਨ। ਇਨ੍ਹਾਂ ਦਾ ਸੁੱਖ ਭੋਗਣ ਲਈ, ਅਨੰਦ ਲੈਣ ਲਈ, ਤੰਦਰੁਸਤੀ ਬਹੁਤ ਹੀ ਜ਼ਰੂਰੀ ਹੈ। ਸਿਹਤ ਸੰਭਾਲ ਕਰਨਾ ਸਾਡਾ ਧਰਮ ਹੈ। ਸਰੀਰ ਤੰਦਰੁਸਤ ਹੋਵੇਗਾ ਤਾਂ ਸਾਨੂੰ ਸਭ ਕੁਝ ਵਧੀਆ ਲੱਗੇਗਾ, ਅਗਰ ਤੰਦਰੁਸਤੀ ਨਹੀਂ, ਤਾਂ ਸਭ ਬੇਕਾਰ। ਇਹ ਜੋ ਮੈਂ ਲਿਖ ਰਿਹਾ ਹਾਂ ਕੋਈ ਨਵਾਂ ਨਹੀਂ ਹੈ ਹਰ ਇਕ ਪ੍ਰਾਣੀ ਇਸ ਤੋਂ ਜਾਣੂੰ ਹੈ ਪਰ ਜ਼ਰੂਰਤ ਹੈ ਸਾਨੂੰ ਕਿਸੇ ਲਈ ਨਹੀਂ ਆਪਣੇ ਆਪ ਲਈ ਸਿਨਸੀਅਰ ਹੋਣਾ ਚਾਹੀਦਾ ਹੈ। ਖਾਣ ਪੀਣ ਦੇ ਮਾਮਲੇ ਵਿਚ ਆਪਣੇ ਆਪ ਨੂੰ ਸਾਨੂੰ ਧੋਖਾ ਨਹੀਂ ਦੇਣਾ ਚਾਹੀਦਾ। ਜੋ ਸਾਡੇ ਗਲੇ ਤੋਂ ਥੱਲੇ ਗਿਆ ਉਸ ਦਾ ਖਾਮਿਆਜਾ ਸਾਨੂੰ ਹੀ ਭੁਗਤਣਾ ਪਵੇਗਾ ਭਾਵੇਂ ਲਾਭਕਾਰੀ ਹੈ ਜਾਂ ਹਾਨੀਕਾਰਕ। ਆਯੁਰਵੇਦ ਦੇ ਵਿਦਵਾਨਾਂ, ਰਿਸ਼ੀਆਂ-ਮੁਨੀਆਂ ਅਤੇ ਮਹਾਂਪੁਰਸ਼ਾਂ ਦਾ ਤੰਦਰੁਸਤੀ ਲਈ ਸ਼ੁਭ ਉਪਦੇਸ਼ ਹੈ ਕਿ 'ਇਲਾਜ ਨਾਲੋਂ ਪ੍ਰਹੇਜ਼ ਚੰਗਾ।'

**ਇੰਜੀਨੀਅਰ**
**ਪਰਮਿੰਦਰਜੀਤ ਸਿੰਘ**
**ਐਡੀਸ਼ਨਲ ਚੀਫ਼ ਐਡੀਟਰ**
**99153-57524**



# ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ

ਪ੍ਰੋ. ਜਸਵੰਤ ਸਿੰਘ ਗੰਡਮ

ਸ਼ੇਖ ਫਰੀਦ ਦੇ ਗੁਰਬਾਣੀ ਵਿਚਲੇ ਸ਼ਲੋਕ ਨੇ ਕਈ ਦਿਨ ਤੋਂ ਪਕੜ ਕੀਤੀ ਹੋਈ ਹੈ, ਸੱਚ ਜਾਣੋ ਤਾਂ ਸੋਚ ਨੂੰ ਘੇਰ ਘੱਤਿਐ! ਸ਼ਲੋਕ ਹੈ- "ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥ ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ"॥

ਸਾਦੇ ਜਿਹੇ ਅਰਥ ਕਰੀਏ ਤਾਂ ਬਾਬਾ ਫਰੀਦ ਇਸ ਸ਼ਲੋਕ ਵਿਚ ਸੁਤੰਤਰ ਅਤੇ ਸਵੈ-ਨਿਰਭਰ ਜੀਵਨ ਜੀਊਣ ਦੀ ਪ੍ਰੇਰਨਾ ਦਿੰਦੇ ਹਨ। 'ਪਰਾਇਆ ਬਾਰ' ਇਥੇ ਇਕ ਰੂਪਕ ਬਿੰਬ ਵਜੋਂ ਵਰਤਿਆ ਗਿਆ ਹੈ ਜੋ ਪ੍ਰਾਧੀਨਤਾ ਦਾ ਪ੍ਰਤੀਕ ਹੈ। ਸ਼ੇਖ ਫਰੀਦ ਮਾਲਿਕ ਅਗੇ ਅਰਜ਼ੋਈ ਕਰ ਰਹੇ ਹਨ ਕਿ ਉਹਨਾਂ ਨੂੰ ਕਿਸੇ ਦੀ ਮੁਥਾਜੀ ਨਾ ਕਰਨੀ ਪਵੇ। ਜੇ ਅਜਿਹੀ ਨੌਬਤ ਆਉਣੀ ਹੋਵੇ ਤਾਂ ਉਸ ਨੂੰ ਮੌਤ ਮਿਲ ਜਾਏ। ਮੁਥਾਜੀ ਨਾਲੋਂ ਮੌਤ ਭਲੀ!

ਮਹਾਨਕੋਸ਼ ਵਿਚ 'ਬਾਰ' ਸ਼ਬਦ ਦੇ 31 ਅਰਥ ਦਿਤੇ ਗਏ ਹਨ। ਪਰ ਜਿਸ ਅਰਥ ਵਿਚ ਫਰੀਦ ਦੀਆਂ ਉਪਰੋਕਤ ਸਤਰਾਂ ਵਿਚ ਇਹ ਸ਼ਬਦ ਵਰਤਿਆ ਗਿਆ ਹੈ ਉਸ ਦਾ ਅਰਥ 10ਵੇਂ ਨੰਬਰ ਉੱਪਰ ਦਰਜ ਹੈ-ਦਵਾਰ, ਦਰਵਾਜ਼ਾ- 'ਖਰੇ ਬਾਰ ਪੈ ਦੀਨ ਗੁਹਾਰ'। ਬਾਰ ਨੂੰ ਦਰ, ਬੂਹਾ, ਬਰੂਹਾ, ਦੁਆਰ, ਕਿਵਾੜ ਵੀ ਕਿਹਾ ਜਾਂਦੈ। ਸਭ ਜਾਣਦੇ ਹਨ ਕਿ ਦਰਵਾਜ਼ਾ ਘਰ, ਗੁਰੂ ਘਰ ਜਾਂ ਹੋਰ ਕਿਸੇ ਵੀ ਬਿਲਡਿੰਗ ਅੰਦਰ ਪ੍ਰਵੇਸ਼ ਕਰਨ ਲਈ ਲਗਾਇਆ ਜਾਂਦੈ। ਇਸ ਲਈ ਇਸ ਨੂੰ ਕਈ ਵਾਰ ਪ੍ਰਵੇਸ਼-ਦੁਆਰ ਵੀ ਕਿਹਾ ਜਾਂਦੈ। ਸ਼ਬਦ ਪਰਾਏ ਦਾ ਅਰਥ ਬੇਗਾਨਾ, ਓਪਰਾ, ਕਿਸੇ ਹੋਰ ਦਾ, ਦੂਸਰੇ ਦਾ, ਜੋ ਆਪਣਾ ਨਹੀਂ ਆਦਿ ਹੈ। 'ਸਾਂਈ' ਸੰਸਕ੍ਰਿਤ ਮੂਲ ਦਾ ਸ਼ਬਦ ਹੈ ਜਿਸ ਦਾ ਅਰਥ ਸਵਾਮੀ ਹੈ।

ਬਾਬਾ ਫਰੀਦ ਇਸ ਸ਼ਲੋਕ ਵਿਚ ਮਨੁੱਖ ਨੂੰ ਕਿਸੇ ਦੂਸਰੇ ਉੱਪਰ ਨਿਰਭਰ ਨਾਂ ਹੋਣ ਦੀ ਪ੍ਰੇਰਨਾ ਦਿੰਦੇ ਹਨ। ਸੁਤੰਤਰਤਾ ਅਤੇ ਪਰਤੰਤਰਤਾ/ਪ੍ਰਾਧੀਨਤਾ ਵਿਚ ਜ਼ਮੀਨ ਆਸਮਾਨ ਦਾ ਫਰਕ ਹੈ। ਗੁਲਾਮੀ ਦੀ ਦੁੱਧ-ਮਲਾਈ ਨਾਲੋਂ ਆਜ਼ਾਦੀ ਦੀ ਅੱਧੀ ਤੇ ਰੁੱਖੀ-ਸੁੱਕੀ ਖਾਣੀ ਸੌ ਦਰਜੇ ਬਿਹਤਰ। ਫਰੀਦ ਆਪ ਨਸੀਹਤ ਕਰਦੇ ਹਨ-"ਰੁਖੀ ਸੁਖੀ ਖਾਇ ਕੈ ਠੰਡਾ ਪਾਣੀ ਪੀਉ। ਫਰੀਦਾ ਦੇਖਿ ਪਰਾਈ ਚੋਪੜੀ ਨ ਤਰਸਾਏ ਜੀਉ"। ਅਜ਼ਾਦੀ ਤਾਂ ਪਸ਼ੂ-ਪੰਛੀਆਂ ਨੂੰ ਵੀ ਚਾਅ ਚੜ੍ਹਾ ਦਿੰਦੀ ਐ, ਪ੍ਰਾਣੀ ਤਾਂ ਫਿਰ ਪ੍ਰਾਣੀ ਹੋਏ!

ਬਾਬਾ ਫਰੀਦ ਤਾਂ ਰੱਬ ਨੂੰ ਇਥੋਂ ਤੱਕ ਕਹਿੰਦੇ ਹਨ ਕਿ ਜੇ ਉਸ ਨੇ ਕਿਸੇ ਦੂਸਰੇ ਦੇ ਬੂਹੇ ਉੱਪਰ ਬੈਠਾਉਣ ਦੀ ਵਿਉਂਤ ਬਣਾ ਹੀ ਲਈ ਹੈ ਤਾਂ ਫਿਰ ਅਜਿਹਾ ਕਰਨ ਨਾਲੋਂ ਤਾਂ ਉਹ ਉਸ (ਫਰੀਦ) ਨੂੰ ਮੌਤ ਹੀ ਦੇ ਦੇਵੇ। ਜੀਣਾਂ ਤਾਂ ਅਣਖ਼ ਨਾਲ ਨਹੀਂ ਤਾਂ ਨਹੀਂ ਜੀਣਾਂ! ਓਹੀ ਖਾਣਾ ਹੱਕ-ਹਲਾਲ ਜੋ ਹੱਥ-ਪੈਰ ਹਿਲਾ ਕੇ ਕਮਾਇਆ ਜਾਵੇ, ਹੱਥ ਅੱਡ ਕੇ ਖਾਧਾ ਤਾਂ ਕੀ ਖਾਧਾ? ਬੰਦੇ ਦੇ ਜੀਵਨ ਵਿਚ ਕਿਸੇ ਦੂਸਰੇ ਅੱਗੇ ਹੱਥ ਅੱਡਣਾਂ ਜੀਊਂਦੇ ਜੀਅ ਮਰਨ ਬਰਾਬਰ ਹੈ। ਸਹਾਇਤਾ ਲੈਣੀ ਜਾਂ ਕਰਨੀ ਹੋਰ ਗੱਲ ਹੈ, ਪਰਾਏ ਬੂਹੇ ਅੱਗੇ ਬਹਿਣਾ ਬਿਲਕੁਲ ਵੱਖਰੀ ਗੱਲ ਹੈ। ਨਿਆਣੇ ਹੁੰਦੇ ਜੇ ਕਦੀ ਸਹਿਬਨ ਵੀ ਬੂਹੇ ਅੱਗੇ ਬਹਿ ਜਾਣਾ ਤਾਂ ਮਾਂ ਨੇ ਝਿੜਕ ਕੇ ਉਠਾ ਦੇਣਾ, ਨਾਲ ਹੀ ਹਦਾਇਤ ਕਰਨੀ ਕਿ ਬਰੂਹਾਂ ਤੇ ਨਹੀਂ ਬੈਠੀਦਾ। ਤੁਸੀਂ ਆਪ ਹੀ ਸੋਚ ਲਉ ਕਿ ਜੇ ਅਨਜਾਨਪੁਣੇ 'ਚ ਬਾਲ ਦੇ ਸਹਿਬਨ ਹੀ ਬੂਹੇ ਅੱਗੇ, ਤੇ ਉਹ ਵੀ ਆਪਣੇ ਬੂਹੇ ਅੱਗੇ, ਬਹਿਣਾ ਐਨਾਂ ਮਾੜਾ ਸਮਝਿਆ ਜਾਂਦਾ ਸੀ, ਤਾਂ ਫਿਰ ਬੇਗ਼ਾਨੇ ਬਰੂਹੀਂ ਬਹਿਣਾ ਕਿੰਨਾ ਮਾੜਾ ਹੁੰਦਾ ਹੋਏਗਾ।

ਪਰਾਏ ਦੁਆਰ 'ਤੇ ਬਹਿਣ ਦਾ ਮਤਲਬ ਮੰਗਣਾ ਹੈ। ਮੰਗਣ ਗਏ ਸੋ ਮਰ ਗਏ! ਇਹ ਹੀਣ ਹੋਣਾ ਹੈ 'ਤੇ ਹੱਥ ਅੱਡਣਾ ਵੀ। ਕਹਿੰਦੇ ਹਨ 'ਪਰਾਈ ਆਸ ਸਦਾ ਨਿਰਾਸ', 'ਪਰਾਏ ਸਿਰ ਮੋਹਲਾ, ਕਪਾਹ ਤੋਂ ਵੀ ਹੌਲਾ', 'ਪਰਾਇਆ ਸਿਰ ਪੰਸੇਰੀ ਬਰਾਬਰ', 'ਪਰਾਇਆ ਘਰ ਥੁੱਕ ਦਾ ਡਰ'!

ਬੰਦਾ ਭਲਾ ਬੰਦੇ ਤੋਂ ਕਿਉਂ ਮੰਗੇ? ਉਸ ਤੋਂ ਮੰਗੇ ਜੋ ਸਭ ਨੂੰ ਦਿੰਦੈ। ਇਥੇ ਇਕ ਦੰਦ-ਕਥਾ ਯਾਦ ਆ ਗਈ। ਇਕ ਫਕੀਰ ਕਿਸੇ ਰਾਜੇ ਦੇ ਦਰਬਾਰ ਦਾਨ-ਦਖਸ਼ਣਾ ਲੈਣ ਲਈ ਗਿਆ। ਅਗੋਂ ਕੀ ਦੇਖਦੈ ਕਿ ਰਾਜਾ ਡੰਡੌਤ ਵਿਚ ਪ੍ਰਭੂ ਕੋਲੋਂ ਰਾਜ-ਭਾਗ ਬਣੇ ਰਹਿਣ, ਆਲੇ-ਦੁਆਲੇ ਦੇ ਰਾਜਾਂ ਉੱਪਰ ਜਿੱਤ ਪ੍ਰਾਪਤ ਕਰਕੇ ਸ਼ਹਿਨਸ਼ਾਹ/ਬਾਦਸ਼ਾਹ ਬਣਨ ਆਦਿ ਦੀ ਮੰਗ ਕਰ ਰਿਹਾ ਸੀ। ਫਕੀਰ ਬਿਨ ਮੰਗੇ ਮੁੜ ਆਇਆ। ਦਰਬਾਨ ਨੇ ਪੁੱਛਿਆ ਕਿ ਮੁੜ ਕਿਉਂ ਆਇਐਂ? ਫਕੀਰ ਬੋਲਿਆ-ਮੈਂ ਤਾਂ ਰਾਜੇ ਕੋਲੋਂ ਦਖਿਣਾ ਲੈਣ ਗਿਆ ਸੀ ਪਰ ਅੰਦਰ ਤਾਂ ਇਕ ਮੰਗਤਾ ਬੈਠਾ ਸੀ ਜੋ ਪ੍ਰਭੂ ਕੋਲੋਂ ਕਈ ਕੁਝ ਮੰਗ ਰਿਹਾ ਸੀ। ਮੈਂ ਸੋਚਿਆ ਇਕ ਮੰਗਤਾ ਭਲਾ ਦੂਸਰੇ ਮੰਗਤੇ ਨੂੰ ਕੀ ਦੇ ਸਕਦੈ? ਮੈਂ ਦਾਤੇ ਕੋਲੋਂ ਹੀ ਮੰਗਾਂਗਾ"?

ਸਿਰ ਤਾਂ ਦਾਤੇ ਦੇ ਦਰ 'ਤੇ ਹੀ ਝੁਕਾਉਣਾ ਚਾਹੀਦੈ, ਜਣੇ-ਖਣੇ ਅਗੇ ਨਹੀਂ-"ਜਿਸ ਦਰ ਪੇ ਨਾ ਝੁਕੇ ਸਰ ਉਸੇ ਦਰ ਨਹੀਂ ਕਹਿਤੇ,/ਜੋ ਦਰ ਦਰ ਪੇ ਝੁਕ ਜਾਏ ਉਸੇ ਸਰ ਨਹੀਂ ਕਹਿਤੇ"। ਇਕ ਸ਼ਾਇਰ ਨੇ ਖ਼ੂਬ ਕਿਹੈ- "ਹੰਮ ਫਕੀਰੋਂ ਸੇ ਦੋਸਤੀ ਕਰ ਲੋ,/ਗੁਰ ਸਿਖਾ ਦੇਂਗੇ ਬਾਦਸ਼ਾਹੀ ਕਾ"! ਨਵਾਜ਼ ਦੇਵਬੰਦੀ ਤਾਂ ਇਥੋਂ ਤੱਕ ਕਹਿੰਦੈ-"ਬਾਦਸ਼ਾਹੋਂ ਕਾ ਇੰਤਜ਼ਾਰ ਕਰੇਂ,/ ਇਤਨੀ ਫੁਰਸਤ ਕਹਾਂ ਫਕੀਰੋਂ ਕੋ"!

ਦਾਤੇ ਦੇ ਦੁਆਰ ਜਾ ਕੇ ਸੱਭ ਦੀ ਖੈਰ-ਸੁੱਖ ਮੰਗਣ ਨਾਲ ਆਪਣੀ ਖੈਰ-ਸੁੱਖ ਵੀ ਆਪਣੇ ਆਪ ਮੰਗੀ ਜਾਂਦੀ ਐ ਕਿਉਂਕਿ ਸੱਭ ਵਿਚ ਅਸੀਂ ਵੀ ਆ ਜਾਂਦੇ ਹਾਂ। ਸਿੱਖ ਧਰਮ ਵਿਚ 'ਸਰਬੱਤ ਦੇ ਭਲੇ' ਦਾ ਸਿਧਾਂਤ ਸਰਬਕਲਾ-ਸਮਰੱਥ ਸਿਧਾਂਤ ਹੈ! ਗੁਰੂ ਨਾਨਕ ਅਨੁਸਾਰ-"ਜਾ ਤੂੰ ਕਰਣਹਾਰੁ ਕਰਤਾਰੁ॥ ਕਿਆ ਮੁਹਤਾਜੀ ਕਿਆ ਸੰਸਾਰ॥" ਜਦ ਦੇਣ ਵਾਲਾ ਦਾਤਾ ਹੈ ਤਾਂ ਫਿਰ ਲੱਲੀ-ਛੱਲੀ ਅੱਗੇ ਹੱਥ ਕਿਉਂ ਅੱਡਣਾ? ਕਿਸੇ ਸੰਸਾਰੀ ਪ੍ਰਾਣੀ ਦਾ ਮੁਥਾਜ ਕਿਉਂ ਹੋਣਾ? ਪੇਟ-ਪੂਰਤੀ, ਪ੍ਰਭਤਾ, ਪੁਜ਼ੀਸ਼ਨ, ਪਾਵਰ, ਪੈਸਾ, ਪੈਂਠ ਸਭ ਹਿੰਮਤਾਂ, ਮਿਹਨਤਾਂ ਅਤੇ ਰਹਿਮਤਾਂ ਦੀ ਖੇਡ ਹੈ। ਕੌਣ ਕਿਸੇ ਨੂੰ ਦਿੰਦੈ? ਬੇਗੈਰਤਿਆਂ/ਲੋਭੀਆਂ ਦਾ ਆਪਣਾ ਹੀ ਢਿੱਡ ਨਹੀਂ ਭਰਦਾ, ਨੀਤ ਨਹੀਂ ਰੱਜਦੀ, ਲਾਲਚ ਨਹੀਂ ਮੁਕਦਾ। ਫਿਰ ਦੂਜੇ ਨੂੰ ਦੇਣਗੇ ਕਿਉਂ?

ਗੋਸਵਾਮੀ ਤੁਲਸੀ ਦਾਸ ਨੇ ਵੀ ਰਾਮ ਚਰਿੱਤਰ ਮਾਨਸ ਵਿਚ ਸੁਤੰਤਰਤਾ ਦੀ ਮਹਿਮਾਂ ਦੱਸੀ ਹੈ-"ਤਾਤ ਵਿਚਾਰਿ ਦੇਖੁ ਮਨ ਨਾਹੀਂ।/ਪਰਾਧੀਨ ਸਪਨੇ ਹੂੰ ਸੁਖ ਨਾਹੀਂ।" ਸੁਤੰਤਰਤਾ ਦੀ ਅੱਧੀ-ਬੇਹੀ ਪਰਤੰਤਰਤਾ ਦੇ ਹਲਵੇ-ਮੰਡੇ ਨਾਲੋਂ ਬਹੁਤ ਭਲੀ। ਆਪਣੀ ਕਮਾਈ ਨਾਲ ਭਾਵੇਂ 36 ਪਦਾਰਥ ਛਕੋ ਪਰ ਪਹਿਲਾਂ ਕਮਾਉ ਫਿਰ ਖਾਉ! ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ-"ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ"॥ ਸਵੈਮਾਣ, ਸਵੈ-ਨਿਰਭਰਤਾ ਅਤੇ ਸੁਤੰਤਰਤਾ ਇਕ ਸ਼ਖ਼ਸ਼ ਦਾ ਸ਼ਿੰਗਾਰ ਹਨ! ਗੈਰਤਮੰਦੀ ਇਕ ਬੇਕੀਮਤਾ ਗਹਿਣਾ ਹੈ!

ਵੈਸੇ ਵੀ ਪਰਾਈ ਛਾਛ ਤੇ ਮੁੱਛਾਂ ਨਹੀਂ ਮਨਾਈ ਦੀਆਂ। ਪਿੰਜਰੇ ਪਏ ਪੰਛੀ ਨੂੰ ਬੇਸ਼ਕ ਸੋਨੇ ਦੇ ਪਿੰਜਰੇ ਵਿਚ ਬੰਦ ਕਰ ਦਿਉ, ਰਹੇਗਾ ਕੈਦੀ ਹੀ, ਅੰਬਰੀ ਉਡਾਨਾਂ ਤੋਂ ਵਿਰਵਾ। ਜਿੰਨਾ ਮਰਜ਼ੀ ਚੰਗਾ ਚੋਖਾ ਖੁਆਉ ਪਰ ਜੋ ਉਹ ਆਪ ਚੋਗਾ ਚੁਗ ਕੇ ਅਨੰਦਤ ਹੁੰਦੈ, ਉਸ ਸੁਰਗੀ ਝੂਟੇ ਦਾ ਕੋਈ ਮੁਕਾਬਲਾ ਹੀ ਨਹੀਂ।

ਕਹਿੰਦੇ ਹਨ ਪਿੰਜਰੇ 'ਚ ਕੈਦ ਇਕ ਪੰਛੀ ਹਰ ਰੋਜ਼ ਕਿਹਾ ਕਰੇ-'ਹਾਏ! ਮੇਰਾ ਆਸ਼ਿਆਨਾ'! ਸੱਯਾਦ ਨੇ ਸੋਚਿਆ ਕਿ ਪਤਾ ਨਹੀਂ ਇਸ ਦਾ ਆਲ੍ਹਣਾ ਕਿੰਨਾ ਕੁ ਸੁੰਦਰ ਅਤੇ ਆਰਾਮਦੇਹ ਹੋਵੇਗਾ ਜੋ ਇਹ ਰੋਜ਼ ਉਸ ਨੂੰ ਯਾਦ ਕਰਕੇ ਝੁਰਦਾ ਰਹਿੰਦਾ। ਇਕ ਦਿਨ ਉਸ ਨੇ ਦੇਖਣ ਖਾਤਰ ਪੰਛੀ ਨੂੰ ਆਜ਼ਾਦ ਕਰ ਦਿੱਤਾ। ਸੱਯਾਦ ਇਹ ਦੇਖ ਕੇ ਹੈਰਾਨ ਰਹਿ ਗਿਆ ਕਿ ਥੋੜ੍ਹੀ ਕੁ ਦੂਰੀ ਤੇ ਜਾ ਕੇ ਪੰਛੀ ਇਕ ਕੰਡਿਆਲੀ ਥੋਰ੍ਹ ਉੱਪਰ ਪਾਏ ਆਲ੍ਹਣੇ ਵਿਚ ਪ੍ਰਸੰਨ-ਚਿੱਤ ਬੈਠ ਗਿਆ! (ਸ਼ਿਵ ਬਟਾਲਵੀ ਦੀ ਮਸ਼ਹੂਰ ਕਵਿਤਾ "ਮੈਂ ਕੰਡਿਆਲੀ ਥੋਰ੍ਹ ਵੇ ਸੱਜਣਾ,/ਉੱਗੀ ਵਿਚ ਉਜਾੜਾਂ" ਆਪ-ਮੁਹਾਰੇ ਯਾਦ ਆ ਗਈ)। ਆਪਣੀ ਕੁੱਲੀ ਵੀ ਮਹਿਲ-ਮੁਨਾਰਿਆਂ ਨਾਲੋਂ ਚੰਗੀ। ਸੋਨੇ ਦੇ ਪਿੰਜਰੇ ਮੁਕਾਬਲੇ ਕੰਡੇਦਾਰ ਥੋਰ੍ਹ ਮਖਮਲ ਵਰਗੀ!

ਇਕ ਬੱਚਾ ਵੀ ਆਪਣਾ ਆਜ਼ਾਦ 'ਸਪੇਸ' ਲੋਚਦੈ, ਬਾਲ ਤਾਂ 'ਪ੍ਰਾਈਵੇਸੀ' ਮਾਨਣ ਦੀ ਜ਼ਿਦ ਕਰਦੇ ਹਨ। ਛੋਟੀ ਉਮਰ ਕਾਰਨ ਮਾਂ-ਬਾਪ ਦੀ ਘੁਰਕੀ ਕਾਰਨ ਬੇਬਸ ਬੱਚਾ ਬੇਸ਼ਕ ਇਸ ਨਿੱਜਤਵ ਲਈ ਲੜ ਤਾਂ ਨਹੀਂ ਸਕਦਾ ਪਰ ਉਹ ਆਪਣੇ ਢੰਗ ਨਾਲ ਰੋਸਾ ਜ਼ਰੂਰ ਪ੍ਰਗਟ ਕਰਦੈ। ਇਕ 8 ਕੁ ਸਾਲ ਦਾ ਬੱਚਾ ਇਸ ਲਈ ਪ੍ਰੇਸ਼ਾਨ ਸੀ ਕਿ ਉਸ ਦਾ 'ਪੱਜ਼ੇਸਿਵ' (ਦਖਲਦਾਰੀ/ਕਬਜ਼ਾਕਾਰੀ) ਟੱਬਰ ਉਸ ਨੂੰ ਦਿਹਾੜੀ ਵਿਚ 5-10 ਮਿੰਟ ਵੀ ਇਕੱਲਿਆਂ ਨਹੀਂ ਬਹਿਣ ਦਿੰਦਾ ਸੀ। ਜੇ ਇਕ ਬੱਚਾ ਸੁਤੰਤਰਤਾ ਦੀ ਐਨੀ ਸਿੱਕ ਰਖਦੈ ਤਾਂ ਆਪ ਹੀ ਸੋਚ ਲਉ ਕਿ ਵਡਿਆਂ ਅੰਦਰ ਇਸ ਦੀ ਤਾਂਘ-ਤੜਪ ਕਿੰਨੀ ਵਧੇਰੇ ਹੋਵੇਗੀ। ਗੁਲਾਮੀ ਦਾ ਜੂਲਾ ਬੜਾ ਭਾਰਾ ਹੁੰਦੈ, ਬੇਸ਼ਕ ਚੰਦਨ ਦਾ ਹੀ ਕਿਉਂ ਨਾ ਬਣਿਆ ਹੋਵੇ!

ਪੰਜਾਬੀ ਤਾਂ ਅਣਖ ਨਾਲ ਜੀਣ ਲਈ ਜਾਣੇ ਜਾਂਦੇ ਹਨ। ਨਾਬਰੀ ਇਹਨਾਂ ਦੇ ਡੀ.ਐਨ.ਏ. ਵਿਚ ਹੈ। ਇਹ ਹੱਡ-ਹਰਾਮ ਹੋ ਹੀ ਨਹੀਂ ਸਕਦੇ। ਮੰਗ ਕੇ ਖਾਣਾ ਇਹਨਾਂ ਲਈ ਮਿਹਣਾ ਹੈ।

ਪੰਜਾਬ ਵਿਚ ਤਾਂ ਲੋਕਬੋਲੀ ਹੈ-'ਦੋ ਪੈਰ ਘਟ ਤੁਰਨਾਂ ਪਰ ਤੁਰਨਾਂ ਮਟਕ ਦੇ ਨਾਲ'! ਨਰਿੰਦਰ ਬੀਬਾ ਦਾ ਇਕ ਗੀਤ ਹੈ-'ਗੱਲ ਸੋਚ ਕੇ ਕਰੀਂ ਤੂੰ ਜ਼ੈਲਦਾਰਾ ਅਸਾਂ ਨਹੀਂ ਕਨੌੜ ਝੱਲਣੀ'। 1967 ਦੀ ਹਿੰਦੀ ਫ਼ਿਲਮ 'ਹਮਰਾਜ਼' ਵਿਚ ਇਕ ਗੀਤ ਹੈ-'ਨਾਂ ਮੂੰਹ ਛੁਪਾ ਕੇ ਜੀਉ ਨਾਂ ਸਰ ਝੁਕਾ ਕੇ ਜੀਉ,/ਗਮੋਂ ਕਾ ਦੌਰ ਭੀ ਆਏ ਤੋ ਮੁਸਕਰਾ ਕੇ ਜੀਉ'। ਇਹਨਾਂ ਸਤਰਾਂ ਦਾ ਹਵਾਲਾ 2018 ਦੀ ਹਿੰਦੀ ਫ਼ਿਲਮ 'ਸੰਜੂ' ਵਿਚ ਸੁਨੀਲ ਦੱਤ ਦਾ ਰੋਲ ਨਿਭਾ ਰਿਹਾ ਕਿਰਦਾਰ (ਪਰੇਸ਼ ਰਾਵਲ) ਆਪਣੇ ਪੁੱਤਰ ਸੰਜੇ ਦੱਤ ਦਾ ਰੋਲ ਕਰ ਰਹੇ ਅਭਿਨੇਤਾ (ਰਣਬੀਰ ਕਪੂਰ) ਨੂੰ ਆਪਣੇ ਜੀਵਨ ਦੇ 'ਤਿੰਨ ਉਸਤਾਦਾਂ' 'ਚੋਂ ਇਕ ਦੇ ਤੌਰ 'ਤੇ ਦਿੰਦਾ ਹੈ।

ਭਲਾ ਪ੍ਰੋ. ਪੂਰਨ ਸਿੰਘ ਤੋਂ ਵੱਧ ਪੰਜਾਬੀਆਂ ਦੀ ਅਣਖ਼ ਬਾਰੇ ਕੌਣ ਜਾਣ ਸਕਦੈ-

"ਇਹ ਬੇਪ੍ਰਵਾਹ ਜਵਾਨ ਪੰਜਾਬ ਦੇ,/ਮੌਤ ਨੂੰ ਮਖੌਲਾਂ ਕਰਨ,/ਮਰਨ ਥੀਂ ਨਹੀਂ ਡਰਦੇ।

ਪਿਆਰ ਨਾਲ ਇਹ ਕਰਨ ਗੁਲਾਮੀ,/ਜਾਨ ਕੋਹ ਆਪਣੀ ਵਾਰ ਦਿੰਦੇ:

ਪਰ ਟੈਂ ਨਾ ਮੰਨਣ ਕਿਸੇ ਦੀ, ਖਲੋ ਜਾਣ ਡਾਂਗਾਂ ਮੋਢੇ 'ਤੇ ਉਲਾਰਕੇ।"

ਸਵੈ-ਮਾਣ ਅਤੇ ਗ਼ੈਰਤਮੰਦ ਜੀਵਨ ਬਾਰੇ ਰਾਹਤ ਇੰਦੌਰੀ ਦੇ ਦੋ ਸ਼ੇਅਰਾਂ ਨਾਲ ਗੱਲ ਸਮੇਟਦੇ ਹਾਂ-

– "ਵੋਹ ਚਾਹਤਾ ਥਾ ਕਿ *ਕਾਸਾ ਖਰੀਦ ਲੇ ਮੇਰਾ,
  ਮੈਂ ਉਸ ਕੇ ਤਾਜ ਕੀ ਕੀਮਤ ਲਗਾ ਕੇ ਲੌਟ ਆਇਆ"।
  (*ਫਕੀਰਾਂ ਦਾ ਮੰਗਣ ਵਾਲਾ ਬਰਤਨ)
– ਮੇਰੇ *ਹੁਜਰੇ ਮੇਂ ਨਹੀਂ, ਔਰ ਕਹੀਂ ਪਰ ਰਖ ਦੋ,
  ਆਸਮਾਂ ਲਾਏ ਹੋ ਲੇ ਆਉ, ਜ਼ਮੀਂ ਪਰ ਰਖ ਦੋ"!
  (*ਇਥੇ-ਫਕੀਰ ਦੀ ਝੌਂਪੜੀ)

## ਬੇਨਤੀ

1. ਲੁਬਾਣਾ ਭਾਈਚਾਰੇ ਦੀਆਂ ਅਜੀਮ ਸਖ਼ਸ਼ੀਅਤਾਂ ਜਿਨ੍ਹਾਂ ਵੱਲੋਂ ਆਪਣੀ ਜ਼ਿੰਦਗੀ ਵਿਚ ਸਮਾਜ ਦੇ ਕਿਸੇ ਵੀ ਖੇਤਰ ਮਸਲਨ ਰਾਜਨੀਤਕ, ਧਾਰਮਿਕ, ਸਮਾਜਿਕ, ਸਭਿਆਚਾਰਕ, ਪ੍ਰਸਾਸ਼ਨਕ, ਵਪਾਰ ਜਾਂ ਉਦਯੋਗ ਆਦਿ ਵਿਚ ਨਿਵੇਕਲੀਆਂ ਪ੍ਰਾਪਤੀਆਂ ਕੀਤੀਆਂ ਹੋਣ, ਉਹ ਜਾਂ ਉਨ੍ਹਾਂ ਦੇ ਜਾਣਕਾਰ ਆਪਣਾ ਜੀਵਨ ਵੇਰਵਾ ਸਮੇਤ ਫੋਟੋ ਅਤੇ ਸਮੇਂ-ਸਮੇਂ ਸਿਰ ਕੀਤੀਆਂ ਗਈਆਂ ਪ੍ਰਾਪਤੀਆਂ ਦਾ ਵਿਸਥਾਰ ਨਾਲ ਵੇਰਵਾ ਭੇਜਣ ਦੀ ਕ੍ਰਿਪਾਲਤਾ ਕਰਨ। 'ਲੁਬਾਣਾ ਸੇਵਕ' ਮੈਗਜ਼ੀਨ ਵਿਚ ਇਹ ਜੀਵਨ ਵੇਰਵੇ ਅਸੀਂ ਛਾਪ ਕੇ ਖੁਸ਼ੀ ਮਹਿਸੂਸ ਕਰਾਂਗੇ। ਆਪਣੇ ਵੇਰਵਾ ਫਾਊਂਡੇਸ਼ਨ ਦੇ ਮੁੱਖ ਦਫ਼ਤਰ ਜਾਂ ਸੰਪਾਦਕ ਦੇ ਪਤੇ 'ਤੇ ਸਿੱਧੇ ਭੇਜਣ ਦੀ ਕ੍ਰਿਪਾਲਤਾ ਕਰੋ।

2. ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ ਦੇ ਮੈਂਬਰ ਸਾਹਿਬਾਨ ਜਿਨ੍ਹਾਂ ਦੇ ਮੈਂਬਰਸ਼ਿਪ ਕਾਰਡ ਨਹੀਂ ਬਣੇ ਜਾਂ ਗੁਆਚ ਚੁੱਕੇ ਹਨ ਉਹ ਜਲਦੀ ਤੋਂ ਜਲਦੀ ਨਵੇਂ ਕਾਰਡ ਬਨਾਉਣ ਲਈ ਭਵਨ ਦੇ ਦਫ਼ਤਰ ਵਿਖੇ ਸੰਪਰਕ ਕਰਨ ਜੀ।

**ਸੰਪਾਦਕ - ਇੰਜ: ਭਗਵਾਨ ਸਿੰਘ ਲੁਬਾਣਾ**
**E-mail:bslubana187@gmail.com**
**M.: 98155-40240**

# ਆਓ ਜਾਣੀਏ !

ਇੰਜ. ਪਰਮਿੰਦਰਜੀਤ ਸਿੰਘ
ਐਡੀਸ਼ਨਲ ਚੀਫ਼ ਐਡੀਟਰ

1. ਪੰਜਾਬ ਦੀ ਵੰਡ ਤੋਂ ਬਾਅਦ ਸ਼ਰਨਾਰਥੀਆਂ ਲਈ ਸਭ ਤੋਂ ਵੱਡਾ ਸ਼ਰਨਾਰਥੀ ਕੈਂਪ ਕਿੱਥੇ ਸਥਾਪਤ ਕੀਤਾ ਗਿਆ?
ੳ) ਅੰਮ੍ਰਿਤਸਰ ਅ) ਜਲੰਧਰ
ੲ) ਕੁਰੂਕਸ਼ੇਤਰ ਸ) ਅੰਬਾਲਾ ੲ

2. ਪੰਜਾਬੀ ਸੂਬੇ ਦੀ ਹੱਦਬੰਦੀ ਲਈ ਕਿਹੜਾ ਕਮਿਸ਼ਨ ਬਣਾਇਆ ਗਿਆ?
ੳ) ਦਾਸ ਕਮਿਸ਼ਨ ਅ) ਪੰਜਾਬੀ ਸੂਬਾ ਕਮਿਸ਼ਨ
ੲ) ਸਰ ਕਮਿਸ਼ਨ ਸ) ਸ਼ਾਹ ਕਮਿਸ਼ਨ ਸ

3. ਪੰਜਾਬ ਰਾਜ ਪੁਨਰਗਠਨ ਐਕਟ ਕਦੋਂ ਪਾਸ ਹੋਇਆ?
ੳ) 1966 ਅ) 1952
ੲ) 1962 ਸ) 1956 ੳ

4. ਰਿਜ਼ਨਲ ਫਾਰਮੂਲਾ ਕਦੋਂ ਹੋਂਦ ਵਿਚ ਆਇਆ?
ੳ) 1952 ਅ) 1957
ੲ) 1949 ਸ) 1953 ਅ

5. ਪੰਜਾਬੀ ਸੂਬੇ ਦੀ ਮੰਗ ਪਹਿਲੀ ਵਾਰ ਕਦੋਂ ਉੱਠੀ?
ੳ) 1952 ਅ) 1947
ੲ) 1949 ਸ) 1943 ੲ

6. ਸਭ ਤੋਂ ਪਹਿਲਾਂ ਸੁਤੰਤਰ ਖ਼ਾਲਸਾ ਰਾਜ ਦੀ ਮੰਗ ਕਿਸ ਨੇ ਕੀਤੀ?
ੳ) ਮਾਸਟਰ ਤਾਰਾ ਸਿੰਘ ਅ) ਉੱਜਲ ਸਿੰਘ
ੲ) ਬਾਬਾ ਗੁਰਦਿੱਤ ਸਿੰਘ ਸ) ਸ. ਬਲਦੇਵ ਸਿੰਘ ੲ

7. ਆਜ਼ਾਦ ਪੰਜਾਬ ਸਕੀਮ ਨੂੰ ਕਿਸ ਨੇ ਪੇਸ਼ ਕੀਤਾ?
ੳ) ਸੰਤ ਫਤਿਹ ਸਿੰਘ ਅ) ਮਾਸਟਰ ਤਾਰਾ ਸਿੰਘ
ੲ) ਬਾਬਾ ਗੁਰਦਿੱਤ ਸਿੰਘ ਸ) ਯਾਦਵਿੰਦਰ ਸਿੰਘ ਅ

8. ਪੰਜਾਬ ਪੁਲਿਸ ਦਾ ਗਠਨ ਕਦੋਂ ਹੋਇਆ?
ੳ) 1861 ਅ) 1966
ੲ) 1952 ਸ) 1857 ੳ

9. ਵੰਡ ਤੋਂ ਬਾਦ ਸੰਯੁਕਤ ਪੰਜਾਬ ਦੇ ਕੁੱਲ ਖੇਤਰਫਲ ਦਾ ਕਿੰਨਾਂ ਪ੍ਰਤੀਸ਼ਤ ਪੰਜਾਬ ਦੇ ਹਿੱਸੇ ਆਇਆ ਸੀ?
ੳ) 62% ਅ) 38%
ੲ) 58% ਸ) 42% ਅ

10. ਪੂਰਬੀ ਤੇ ਪੱਛਮੀ ਪੰਜਾਬ ਦੀ ਹੱਦਬੰਦੀ ਸਬੰਧੀ ਕਮਿਸ਼ਨ ਦੀ ਪ੍ਰਧਾਨਗੀ ਕਿਸ ਨੇ ਕੀਤੀ?
ੳ) ਸਰ ਰੈਡਕਲਿਫ ਅ) ਜਸਟਿਸ ਮੇਹਰ ਚੰਦ
ੲ) ਜਸਟਿਸ ਦੀਨ ਮੁਹੰਮਦ ਸ) ਜਸਟਿਸ ਤੇਜਾ ਸਿੰਘ ੳ

ਬਾਲ-ਕਹਾਣੀ

# ਜਹਾਜ਼ ਦੇ ਝੂਟੇ

ਕਰਮਜੀਤ ਸਿੰਘ ਗਰੇਵਾਲ

ਬੰਟੂ ਤੋਤੇ ਦੇ ਦੋ ਬੱਚੇ ਸਨ। ਚਿੰਟੂ ਤੇ ਮਿੰਟੂ। ਸੰਘਣੇ ਬੋਹੜ ਤੇ ਉਹਨਾਂ ਦਾ ਆਲ੍ਹਣਾ ਸੀ। ਛੋਟਾ ਚਿੰਟੂ ਬਹੁਤ ਚੁਸਤ ਸੀ। ਮਿੰਟੂ ਹਮੇਸ਼ਾ ਸੁਸਤੀ ਪਾਈ ਰੱਖਦਾ। ਸਵੇਰੇ ਆਪਣੇ ਬੰਟੂ ਪਾਪਾ ਦੀ ਇਕ ਅਵਾਜ਼ ਤੇ ਹੀ ਚਿੰਟੂ ਜਾਗ ਪੈਂਦਾ। ਸੈਰ ਕਰਦਾ, ਨਦੀ ਤੇ ਜਾ ਕੇ ਚੁੰਝਾਂ ਭਰ-ਭਰ ਪਾਣੀ ਪੀਂਦਾ ਤੇ ਆਲ੍ਹਣੇ 'ਚ ਮੁੜ ਆਉਂਦਾ। ਮਿੰਟੂ ਉੱਠ ਕੇ ਰੋਣ ਲੱਗ ਜਾਂਦਾ।

"ਮੈਨੂੰ ਕਿਉਂ ਨੀ ਜਗਾਇਆ, ਮੈਂ ਨਦੀ ਤੇ ਪਹਿਲਾਂ ਜਾਣਾ ਸੀ।" ਉਸਨੂੰ ਸਮਝਾ ਕੇ ਨਦੀ ਵੱਲ ਤੋਰਦੇ। ਉਹ ਨਦੀ ਤੇ ਜਾ ਕੇ ਭੁੱਲ ਜਾਂਦਾ ਬਈ ਆਲ੍ਹਣੇ 'ਚ ਵਾਪਸ ਵੀ ਮੁੜਨਾ ਹੈ। ਨਦੀ ਦੇ ਪਾਣੀ 'ਚ ਚੁੰਝਾਂ ਮਾਰਦਾ ਖੇਡੀ ਜਾਂਦਾ। ਇਕ ਦਿਨ ਤਾਂ ਉਸਨੂੰ ਖੇਡ 'ਚ ਲੱਗੇ ਨੂੰ ਡੱਬੂ ਕੁੱਤੇ ਨੇ ਫੜ ਲੈਣਾ ਸੀ ਜੇ ਸਮੇਂ ਸਿਰ ਉਸਨੂੰ ਬੰਟੂ ਤੋਤਾ ਅਵਾਜ਼ ਨਾ ਮਾਰਦਾ। ਉਸਦੇ ਘਰ ਮੁੜਦੇ ਨੂੰ ਛੋਟਾ ਚਿੰਟੂ ਆਪਣੇ ਖੰਭ ਸੰਵਾਰ ਲੈਂਦਾ, ਅੱਖਾਂ 'ਚ ਸੁਰਮਾ ਪਾ ਲੈਂਦਾ, ਬੁਰਸ਼ ਕਰਕੇ ਚੋਗਾ ਖਾ ਕੇ ਸਕੂਲ ਜਾਣ ਲਈ ਤਿਆਰ ਖੜ੍ਹਾ ਹੁੰਦਾ।

ਮਿੰਟੂ ਆਲ੍ਹਣੇ ਮੁੜਦਾ ਤਾਂ ਸਾਰੇ ਰੌਲ਼ਾ ਪਾਉਂਦੇ,

"ਛੇਤੀ ਕਰ ਸਕੂਲ ਲਈ ਬੱਕਰੀ ਵੈਨ ਆਉਣ ਵਾਲੀ ਏ।"

ਉਹ ਬੁਰਸ਼ ਤੇ ਪੇਸਟ ਲਗਾ ਕੇ ਖੜ੍ਹਾ ਦੇਖੀ ਜਾਂਦਾ, ਸੋਚੀ ਜਾਂਦਾ, ਫਿਰ ਅਵਾਜ਼ ਪੈਂਦੀ,

"ਮਿੰਟੂ ਛੇਤੀ ਕਰ।"

ਫਿਰ ਉਹ ਤੇਜ਼ੀ ਨਾਲ ਦੋ ਕੁ ਵਾਰ ਬੁਰਸ਼ ਦੰਦਾਂ ਤੇ ਫੇਰਦਾ, ਕੁਰਲੀ ਕਰ ਕੇ ਨਹਾਉਣ ਲੱਗ ਜਾਂਦਾ, ਉੱਥੇ ਫਿਰ ਪਾਣੀ ਨਾਲ ਖੇਡਦਾ ਰਹਿੰਦਾ ਜਦੋਂ ਤੱਕ ਅਵਾਜ਼ ਨਾ ਪੈਂਦੀ। ਉਹ ਇੰਨਾ ਸੁਣ ਕੇ ਦੋ ਕੁ ਡੱਬੇ ਆਪਣੇ ਖੰਭਾਂ ਤੇ ਪਾਉਂਦਾ, ਸਾਬਣ ਲਾਉਣ ਤੋਂ ਬਿਨਾਂ ਹੀ ਨਹਾ ਕੇ ਆ ਜਾਂਦਾ।

ਜਦ ਮੰਮੀ ਉਸਦੇ ਖੰਭਾਂ ਤੇ ਕੰਘੀ ਫੇਰਦੇ ਹੁੰਦੇ ਉਹ ਬੈਠਾ ਇੱਲਤਾਂ ਕਰੀ ਜਾਂਦਾ। ਛੋਟਾ ਚਿੰਟੂ ਚੋਗਾ ਖਾ ਕੇ, ਤਿਆਰ ਹੋ ਕੇ ਬੈਗ ਚੁੱਕ ਕੇ ਖੜ੍ਹਾ ਹੁੰਦਾ। ਅਜੇ ਮਿੰਟੂ ਬੂਟ ਈ ਪਾਉਂਦਾ ਹੁੰਦਾ, ਜਦੋਂ ਬੱਕਰੀ ਵੈਨ ਆ ਕੇ ਮੈਂ-ਮੈਂ ਦੀ ਅਵਾਜ਼ ਲਾਉਂਦੀ। ਸੀਟੂ ਕਾਂ, ਨਿੰਮੂ ਗਟ੍ਹਾਰ, ਮੰਗੀ ਤਿੱਤਰ ਰੌਲ਼ਾ ਪਾਉਂਦੇ, "ਮਿੰਟੂ ਜਲਦੀ ਆ ਜਾ, ਆਪਾਂ ਲੇਟ ਹੋ ਜਾਵਾਂਗੇ।" ਬਿਨਾਂ ਚੋਗਾ ਖਾਧੇ ਹੀ ਉਸਨੂੰ ਜਾਣਾ ਪੈਂਦਾ। ਅੱਜ ਉਹਨਾਂ ਦੇ ਸਕੂਲ ਕਈ ਤਰ੍ਹਾਂ ਦੀਆਂ ਖੇਡਾਂ ਹੋਣੀਆਂ ਸਨ। ਇਕ ਖੇਡ ਅਜਿਹੀ ਸੀ ਜਿਸ ਵਿਚ ਸਾਰੇ ਬੱਚਿਆਂ ਨੇ ਆਪਣੀ ਜਮਾਤ ਕਮਰੇ ਵਿਚ ਜਾ ਕੇ ਬੈਗ 'ਚੋਂ ਆਪਣੀ ਕਾਪੀ ਕੱਢ ਕੇ ਉਸ ਉੱਪਰ ਪੰਜ ਪੰਛੀਆਂ, ਪੰਜ ਜਾਨਵਰਾਂ, ਪੰਜ ਰੁੱਖਾਂ ਤੇ ਪੰਜ ਫੁੱਲਾਂ ਦੇ ਨਾਮ ਲਿਖ ਕੇ ਬਾਹਰ ਲੱਗੇ ਟੈਂਟ ਕੋਲ ਜਾ ਕੇ, ਸੀਤੇ ਮੋਰ ਨੂੰ ਕਾਪੀ ਫੜਾਉਣੀ ਸੀ। ਜੋ ਦਸ ਬੱਚੇ ਪਹਿਲਾਂ ਪਹੁੰਚਦੇ ਉਹਨਾਂ ਨੂੰ ਖੇਡਾਂ ਤੇ ਖਾਣ ਦੀਆਂ ਚੀਜ਼ਾਂ ਤਾਂ ਮਿਲਣੀਆਂ ਹੀ ਸਨ। ਇਸ ਦੇ ਨਾਲ ਹੀ ਸਕੂਲ ਦੀ ਛੱਤ ਤੋਂ ਵੱਡੀ ਇੱਲ੍ਹ ਵਾਲੇ ਜਹਾਜ਼ ਦੇ ਝੂਟੇ ਵੀ ਮਿਲਣੇ ਸੀ।

ਚਿੰਟੂ, ਸੀਟੂ, ਨਿੰਮੂ, ਮੰਗੀ ਤੇ ਹੋਰ ਕਈ ਬੱਚੇ ਕਦੋਂ ਦੇ ਕਾਪੀ ਫੜਾ ਕੇ ਮੋਰ ਤੋਂ ਜੇਤੂ ਸਰਟੀਫਿਕੇਟ ਲੈ ਕੇ ਜਹਾਜ਼ ਕੋਲ ਵੀ ਜਾ ਖੜ੍ਹੇ ਸਨ, ਮਿੰਟੂ ਅਜੇ ਕਾਪੀ ਹੀ ਲੱਭੀ ਜਾ ਰਿਹਾ ਸੀ। ਜਦੋਂ ਉਹ ਬਾਹਰ ਆਇਆ ਤਾਂ ਉਸਨੇ ਦੇਖਿਆ ਕਿ ਪਹਿਲੇ ਦਸ ਜੇਤੂ ਜਹਾਜ਼ ਦੇ ਝੂਟੇ ਲੈਣ ਲਈ ਤਿਆਰ ਖੜ੍ਹੇ ਸੀ। ਦੇਖਦੇ ਹੀ ਦੇਖਦੇ ਜਹਾਜ਼ ਉੱਡਿਆ। ਜਹਾਜ਼ 'ਚੋਂ ਫੁੱਲ ਡਿੱਗ ਰਹੇ ਸੀ। ਥੱਲੇ ਖੜ੍ਹੇ ਬੱਚੇ ਤਾੜੀਆਂ ਮਾਰ ਰਹੇ ਸਨ। ਮਿੰਟੂ ਰੋਣ ਲੱਗਿਆ। ਫਿਰ ਉਸਨੇ ਸੋਚਿਆ ਰੋ ਕੇ ਕੀ ਬਣੇਗਾ? ਉਸਨੇ ਮਨ ਨਾਲ ਫੈਸਲਾ ਕੀਤਾ ਕਿ ਅਗਲੀ ਵਾਰੀ ਜਦੋਂ ਵੀ ਖੇਡਾਂ ਹੋਣਗੀਆਂ ਜਾਂ ਪੜ੍ਹਾਈ ਦੇ ਮੁਕਾਬਲੇ ਹੋਣਗੇ ਮੈਂ ਸੁਸਤੀ ਝਾੜ ਕੇ ਸਾਰਿਆਂ ਤੋਂ ਅੱਗੇ ਨਿੱਕਲ ਜਾਵਾਂਗਾ। ਇਹ ਸਾਰੇ ਬੱਚੇ ਮੇਰੇ ਲਈ ਤਾੜੀਆਂ ਮਾਰਨਗੇ।

ਅਗਲੇ ਦਿਨ ਮਿੰਟੂ ਦੇ ਪਾਪਾ ਨੇ ਅਜੇ ਜਾਗਣ ਲਈ ਅਵਾਜ਼ ਵੀ ਨਹੀਂ ਮਾਰੀ ਸੀ ਉਹ ਨਦੀ ਤੋਂ ਨਹਾ ਕੇ ਵੀ ਮੁੜ ਆਇਆ ਸੀ।

## ਖੁਸ਼ਖ਼ਬਰੀ

**ਆਪ ਸਭ ਮੈਂਬਰ ਸਾਹਿਬਾਨ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਜੋ ਇਨਕਮ ਟੈਕਸ ਦੀ ਛੂਟ 80-ਜੀ ਦੇ ਨੀਚੇ ਮਿਲਦੀ ਹੈ, ਉਸ ਦੀ ਮਨਜ਼ੂਰੀ ਕਾਫ਼ੀ ਲੰਮੇ ਸਮੇਂ ਤੋਂ ਨਹੀਂ ਲਈ ਗਈ ਸੀ। ਪ੍ਰੰਤੂ ਉਸ ਦੀ ਮਨਜ਼ੂਰੀ ਵਿੱਤ ਵਰਸ਼ 2023-24, 2024-25 ਅਤੇ 2025-26 ਲਈ ਹੁਣ ਪ੍ਰਾਪਤ ਕਰ ਲਈ ਗਈ ਹੈ। ਹੁਣ ਮੈਂਬਰ ਸਾਹਿਬਾਨ ਜੋ ਦਾਨ ਦਿੰਦੇ ਹਨ, ਉਹ ਇਨਕਮ ਟੈਕਸ ਦੀ ਛੂਟ ਪ੍ਰਾਪਤ ਕਰ ਸਕਣਗੇ।**

# ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ

ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ

**ਬਹੁਤ ਹੀ ਸਤਿਕਾਰਯੋਗ ਲੇਖਕ ਬਿੱਟੂ ਲਹਿਰੀ ਜੰਡ ਵਾਲਾ ਭੀਮੇ ਸ਼ਾਹ ਦੀ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ ਸੰਪੂਰਨ ਕਿੱਸਾ ਜੱਲ੍ਹੇ ਦਾ ਛੱਲਾ ਜੋ ਕਿ ਛੱਲੇ ਅਤੇ ਉਸ ਦੇ ਪਰਿਵਾਰ ਦੇ ਜੀਵਨ ਬਾਰੇ ਸਾਨੂੰ ਜਾਣਕਾਰੀ ਦਿੰਦੀ ਹੈ। ਅਸੀਂ ਧੰਨਵਾਦ ਸਹਿਤ ਮੈਗਜ਼ੀਨ 'ਲੁਬਾਣਾ ਸੇਵਕ' ਵਿਚ ਛਾਪ ਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ।**

**ਭਗਵਾਨ ਸਿੰਘ ਲੁਬਾਣਾ**



ਬਿੱਟੂ ਲਹਿਰੀ

## ਸ਼ੇਅਰ

1. ਉਮਰ ਲਿਹਾਜੇ ਪਿਉ ਪੁੱਤਰ ਨਾ, ਜਿਵੇਂ ਲੱਗਦਾ ਦਾਦਾ ਪੋਤਾ।
2. ਰੋਟੀ ਕੱਪੜੇ ਕਰਕੇ ਰੱਖਿਆ, ਜਿਵੇਂ ਕਿਸੇ ਮਰਾਸੀ ਦੋਤਾ।
3. ਰੱਜ ਟੱਬਰ ਖੁਸ਼ੀ ਮਨਾਂਵਦਾ, ਜਿਵੇਂ ਚਲ ਗਿਆ ਸਿੱਕਾ ਖੋਟਾ।
4. ਜਿਉਂ ਦੇਗ ਨਾਲ ਚੌਲ ਲੱਗਿਆ, ਦਿਸਦਾ ਚੁੱਕਿਆ ਬੱਚਾ ਛੋਟਾ।

**ਵਿਸਥਾਰ** - ਮੱਲ੍ਹੇ ਨੇ ਜੱਲ੍ਹੇ ਨੂੰ ਮਖੌਲ ਕਰਦੇ-ਕਰਦੇ ਛੱਲੇ ਨੂੰ ਚੁੱਕ ਲਿਆ ਤੇ ਪਿਆਰ ਕੀਤਾ। ਮੱਲ੍ਹਾ ਛੱਲੇ ਨੂੰ ਹੱਥਾਂ ਵਿੱਚ ਲੈ ਕੇ ਕੀ ਆਖਦਾ ਸੀ।

## ਸ਼ੇਅਰ

1. ਵਾਹ ਉਏ ਛੱਲਿਆ, ਵਾਹ ਉਏ ਛੱਲਿਆ, ਆਜਾ ਤੈਨੂੰ ਮੈਂ ਖਿਡਾਵਾਂ।
2. ਬਾਪ ਤੇਰੇ ਦਾ ਭਾਈ ਮੈਂ ਬਣਿਆ, ਚੱਲ ਹੱਟੀਉ ਚੀਜ਼ ਖੁਆਵਾਂ।
3. ਤੂੰ ਭਤੀਜਾ ਮੈਂ ਹਾਂ ਚਾਚਾ, ਆਪਣੇ ਦੋਵਾਂ ਦਾ ਸਿਰਨਾਵਾਂ।
4. ਚੱਲ ਉਂਗਲ ਕਰਕੇ ਦੱਸ ਤੂੰ ਮੈਨੂੰ, ਖਰੀਦ ਚੀਜ਼ ਮੈਂ ਉਹ ਲਿਆਵਾਂ।
5. ਜੀ ਕਰਦਾ ਏ ਛੱਲਿਆ ਤੈਨੂੰ, ਅੱਜ ਪੁੱਤਰ ਧੀਆਂ ਮਿਲਾਵਾਂ।
6. ਆਪਣੇ ਪੁੱਤਰ ਧੀਆਂ ਤੋਂ ਵੀ, ਮੈਂ ਵੱਧ ਕੇ ਲਾਡ ਲਿਡਾਵਾਂ।
7. ਫਰਕ ਨਾ ਰੱਖੂ ਜਾਇਆਂ ਦਾ ਮੈਂ, ਤੇ ਸਭ ਵੰਡ ਬਰਾਬਰ ਪਾਵਾਂ।
8. 'ਲਹਿਰੀ' ਜੋ ਰਿਜ਼ਕ ਅੱਲ੍ਹਾ ਨੇ ਦਿੱਤਾ, ਤੇ ਮੈਂ ਸੋ-ਸੋ ਸ਼ੁਕਰ ਮਨਾਵਾਂ।

**ਵਿਸਥਾਰ** - ਜੱਲ੍ਹਾ ਆਪਦੇ ਜਿਗਰੀ ਯਾਰ ਕੋਲ ਛੱਲੇ ਨੂੰ ਵੇਖ ਕੇ ਬਹੁਤ ਹੀ ਖੁਸ਼ ਹੋਇਆ। ਜੱਲ੍ਹਾ ਮਨ ਵਿੱਚ ਇਹ ਸੋਚ ਰਿਹਾ ਸੀ ਕਿ ਮੱਲ੍ਹਾ ਆਪਣੇ ਬੱਚਿਆਂ ਵਾਂਗ ਛੱਲੇ ਨੂੰ ਪਿਆਰ ਕਰੀ ਜਾ ਰਿਹਾ ਏ। ਮੱਲ੍ਹਾ ਛੱਲੇ ਨੂੰ ਕਦੇ ਮੋਢੇ ਨਾਲ ਲਾਉਂਦਾ ਕਦੇ ਛੱਲੇ ਨਾਲ ਗੱਲਾਂ ਕਰਦਾ। ਤੇ ਕਦੇ-ਕਦੇ ਛੱਲੇ ਨੂੰ ਕੁੱਤ ਕੁਤਾੜੀਆਂ ਕਰਦਾ। ਛੱਲਾ ਵੀ ਅੱਗੋਂ ਹੱਸ ਪੈਂਦਾ ਜੱਲ੍ਹਾ ਇਹ ਸਭ ਕੁੱਝ ਵੇਖ ਕੇ ਅੱਲ੍ਹਾ ਨੂੰ ਕਹਿੰਦਾ ਸੀ।

## ਸ਼ੇਅਰ

1. ਵਾਹ ਮੇਰੇ ਮੌਲਾ, ਵਾਹ ਮੇਰੇ ਮੌਲਾ, ਸੱਚਾ ਯਾਰ ਦਿੱਤਾ ਤੂੰ ਮੈਨੂੰ।
2. ਵਾਹ ਮੇਰੇ ਮੌਲਾ, ਵਾਹ ਮੇਰੇ ਮੌਲਾ, ਐਸਾ ਪਿਆਰ ਦਿੱਤਾ ਤੂੰ ਮੈਨੂੰ।
3. ਵਾਹ ਮੇਰੇ ਮੌਲਾ, ਵਾਹ ਮੇਰੇ ਮੌਲਾ, ਕਿਆ ਸਤਿਕਾਰ ਦਿੱਤਾ ਤੂੰ ਮੈਨੂੰ।
4. ਵਾਹ ਮੇਰੇ ਮੌਲਾ, ਵਾਹ ਮੇਰੇ ਮੌਲਾ, 'ਲਹਿਰੀ' ਦਿਲਦਾਰ ਦਿੱਤਾ ਤੂੰ ਮੈਨੂੰ।

**ਵਿਸਥਾਰ** - ਮੱਲ੍ਹੇ ਨੇ ਕਿਹਾ ਜੱਲ੍ਹਿਆ ਆਹ ਲੈ ਛੱਲੇ ਨੂੰ ਫੜ ਲੈ ਤੇ ਮੈਂ ਹੁਣ ਚਲਦਾ ਹਾਂ ਤੇ ਮੇਰੀ ਗੱਲ ਸੁਣ ਜੱਲ੍ਹਿਆ ਛੱਲਾ ਖ਼ੈਰ ਨਾਲ ਹੁਣ ਢਾਈ ਵਰ੍ਹਿਆਂ ਦਾ ਹੋ ਗਿਆ ਏ। ਅੱਲ੍ਹਾ ਰਹਿਮਤ ਰੱਖੇ ਹੁਣ ਇੱਕ ਦਿਨ ਪਰਿਵਾਰ ਸਮੇਤ ਮੇਰੇ ਪਿੰਡ ਘਰ ਫੇਰਾ ਪਾ ਜਾਇਉ। ਜੱਲ੍ਹੇ ਨੇ ਕਿਹਾ ਠੀਕ ਮੱਲ੍ਹਿਆ ਅਸੀਂ ਛੇਤੀ ਹੀ ਤੇਰੇ ਘਰ ਫੇਰਾ ਪਾਵਾਂਗੇ। ਜੱਲ੍ਹੇ ਤੇ ਛੱਲੇ ਨੂੰ ਛੱਡ ਕੇ ਜਾਂਦਾ ਹੋਇਆ ਮੱਲ੍ਹਾ ਕੁੱਝ ਇਸ ਤਰ੍ਹਾਂ ਆਖਦਾ ਸੀ।

(ਚਲਦਾ)

# ਹੋਰ ਪੱਛੜੀਆਂ ਸ਼੍ਰੇਣੀਆਂ (OBC) ਸਰਟੀਫਿਕੇਟ ਬਨਾਉਣ ਲਈ ਆਮ ਜਾਣਕਾਰੀ

ਕੇਂਦਰੀ ਸਰਕਾਰ ਵੱਲੋਂ ਜਾਰੀ ਹੋਰ ਪੱਛੜੀਆਂ ਸ਼੍ਰੇਣੀਆਂ ਦੀ ਸੂਚੀ ਵਿਚ ਲੁਬਾਣਾ ਜਾਤੀ ਵੀ ਹੋਰ ਪੱਛੜੀਆਂ ਸ਼੍ਰੇਣੀਆਂ ਵਿਚ ਸ਼ਾਮਲ ਹੈ। ਜਿਸ ਅਧੀਨ ਕੇਂਦਰੀ ਸਰਕਾਰ ਦੀਆਂ ਵਿੱਦਿਅਕ ਸੰਸਥਾਵਾਂ, ਆਈ.ਟੀ.ਆਈ., ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਨੌਕਰੀਆਂ ਵਿਚ ਹੋਰ ਪੱਛੜੀਆਂ ਸ਼੍ਰੇਣੀਆਂ ਨੂੰ 27% ਦਾ ਰਾਖਵਾਂਕਰਨ ਦਿੱਤਾ ਹੋਇਆ ਹੈ। ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਓ.ਬੀ.ਸੀ. ਸ਼੍ਰੇਣੀਆਂ ਨੂੰ ਵਿੱਦਿਆ ਵਿਚ 12% ਅਤੇ ਨੌਕਰੀਆਂ ਵਿਚ ਸਿਰਫ਼ 5% ਰਾਖਵਾਂਕਰਨ ਹੀ ਦਿੱਤਾ ਹੋਇਆ ਹੈ। ਜਿਸ ਵਿਚ ਵਾਧਾ ਕਰਨ ਦੀ ਮੰਗ ਲਗਾਤਾਰ ਚੱਲ ਰਹੀ ਹੈ। ਬਰਾਦਰੀ ਦੇ ਹੋਣਹਾਰ ਬੱਚਿਆਂ ਵੱਲੋਂ ਅਜਿਹੇ ਵੱਖ-ਵੱਖ ਵਿੱਦਿਆ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਅਤੇ ਨੌਕਰੀਆਂ ਵਿਚ ਓ.ਬੀ.ਸੀ. ਕੋਟੇ ਅਧੀਨ ਅਪਲਾਈ ਕਰਨ ਲਈ ਹਲਕੇ ਦੇ ਐਸ.ਡੀ.ਐਮ. ਵੱਲੋਂ ਜਾਰੀ ਕੀਤਾ ਹੋਇਆ ਓ.ਬੀ.ਸੀ. ਸਰਟੀਫਿਕੇਟ ਬੱਚਿਆਂ ਪਾਸ ਹੋਣਾ ਜ਼ਰੂਰੀ ਹੈ। ਆਮ ਧਾਰਨਾ ਹੈ ਕਿ ਜ਼ਿਆਦਾ ਆਮਦਨ ਵਾਲੇ ਮਾਪਿਆਂ ਅਤੇ ਸਰਕਾਰੀ ਜਾਂ ਗੈਰ ਸਰਕਾਰੀ ਨੌਕਰੀ ਕਰਦੇ ਦੋਨੋਂ ਪਤੀ-ਪਤਨੀ ਦੇ ਬੱਚੇ ਓ.ਬੀ.ਸੀ. ਲਈ ਬਣੀ ਸਲਾਨਾ 8 ਲੱਖ ਦੀ ਆਮਦਨ ਦੀ ਕਰੀਮੀ ਲੇਅਰ ਦੀ ਹੱਦ ਕਾਰਨ ਸਰਟੀਫਿਕੇਟ ਲੈਣ ਦੇ ਯੋਗ ਨਹੀਂ ਹਨ।

ਸਾਰਿਆਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ ਕਰੀਮੀ ਲੇਅਰ ਦੀ 8 ਲੱਖ ਦੀ ਆਮਦਨ ਹੱਦ ਵਿਚ ਨੌਕਰੀ ਤੋਂ ਮਿਲਦੀ ਤਨਖਾਹ ਅਤੇ ਜ਼ਮੀਨੀ ਖੇਤੀ ਆਮਦਨ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਜਿਨ੍ਹਾਂ ਮਾਪਿਆਂ ਦੀ ਇਸ ਤੋਂ ਇਲਾਵਾ ਹੋਰ ਸਾਧਨਾਂ ਤੋਂ ਕੁੱਲ ਆਮਦਨ ਸਲਾਨਾ 8 ਲੱਖ ਰੁਪਏ ਤੋਂ ਵੱਧ ਹੈ ਉਹ ਕਰੀਮੀ ਲੇਅਰ ਅਧੀਨ ਇਸ ਸਰਟੀਫਿਕੇਟ ਲਈ ਯੋਗ ਨਹੀਂ ਹਨ। ਇਸ ਤੋਂ ਇਲਾਵਾ ਕੈਟਾਗਰੀ 'ਏ' ਵਿਚ ਸਿੱਧੇ ਭਰਤੀ ਹੋਏ ਮਾਪਿਆਂ ਦੇ ਬੱਚੇ ਵੀ ਇਸ ਰਾਖਵਾਂਕਰਨ ਸਰਟੀਫਿਕੇਟ ਲਈ ਯੋਗ ਨਹੀਂ ਹਨ। ਅਜਿਹੇ ਮਾਪੇ ਜਿਹੜੇ ਕੈਟਾਗਰੀ 'ਸੀ' ਅਤੇ 'ਡੀ' ਵਿਚ ਭਰਤੀ ਹੋ ਕੇ 40 ਸਾਲ ਦੀ ਉਮਰ ਤੋਂ ਬਾਅਦ ਪਦਉੱਨਤ ਹੋ ਕੇ ਕੈਟਾਗਰੀ 'ਏ' ਅਤੇ 'ਬੀ' ਵਿਚ ਸ਼ਾਮਲ ਹੋਏ ਹਨ ਉਨ੍ਹਾਂ ਦੇ ਬੱਚੇ ਵੀ ਇਸ ਸਰਟੀਫਿਕੇਟ ਲਈ ਯੋਗ ਹਨ। ਫੌਜੀ ਅਫ਼ਸਰ, ਕਰਨਲ ਅਤੇ ਉੱਪਰ ਦੇ ਰੈਂਕ, ਜੱਜ ਅਤੇ ਵਿਦੇਸ਼ੀ ਸੇਵਾਵਾਂ ਵਿਚ ਨੌਕਰੀ ਕਰਦੇ ਮਾਪਿਆਂ ਦੇ ਬੱਚੇ ਅਜਿਹਾ ਲਾਭ ਲੈਣ ਲਈ ਯੋਗ ਨਹੀਂ ਹਨ। ਆਮਦਨ ਹੱਦ ਲਈ ਸਿਰਫ਼ ਮਾਪਿਆਂ ਦੀ ਆਮਦਨ ਹੀ ਗਿਣੀ ਜਾਂਦੀ ਹੈ। ਜੇਕਰ ਬੱਚਾ ਕੋਈ ਆਪ ਤਨਖਾਹ ਜਾਂ ਹੋਰ ਵਸੀਲਿਆਂ ਰਾਹੀਂ ਕੋਈ ਆਮਦਨ ਪ੍ਰਾਪਤ ਕਰਦਾ ਹੈ ਤਾਂ ਉਸ ਆਮਦਨ ਨੂੰ ਇਸ ਹੱਦ ਵਿਚ ਨਹੀਂ ਗਿਣਿਆ ਜਾਂਦਾ ਹੈ। ਹੋਰ ਸਾਧਨਾਂ ਤੋਂ ਆਮਦਨ ਦਾ ਭਾਵ ਹੈ ਮਾਪਿਆਂ ਨੂੰ ਆਪਣੀ ਕਿਸੇ ਪ੍ਰਾਪਰਟੀ ਦਾ ਕਿਰਾਇਆ ਵਗੈਰਾ ਜਾਂ ਬੈਂਕ ਵਿਚ ਜਮ੍ਹਾਂ ਰਕਮ ਤੋਂ ਮਿਲਦਾ ਵਿਆਜ਼ ਜੋ ਕਿ ਉਹ ਆਪਣੀ ਸਲਾਨਾ ਆਦਮਨ ਕਰ ਰਿਟਰਨ ਵਿਚ ਉਜਾਗਰ ਕਰਦੇ ਹਨ।

ਸਾਰੇ ਯੋਗ ਬੱਚਿਆਂ ਦੇ ਮਾਪਿਆਂ ਨੂੰ ਆਪਣੇ ਬੱਚਿਆਂ ਦੇ ਓ.ਬੀ.ਸੀ. ਸਰਟੀਫਿਕੇਟ ਬਣਾ ਲੈਣੇ ਚਾਹੀਦੇ ਹਨ ਤਾਂ ਜੋ ਬੱਚੇ ਸਰਕਾਰਾਂ ਵੱਲੋਂ ਮਿਲਣ ਵਾਲੀਆਂ ਵਿੱਦਿਅਕ ਅਤੇ ਰੁਜ਼ਗਾਰ ਵਿਚ ਦਿੱਤੇ ਜਾਂਦੇ ਲਾਭਾਂ ਦਾ ਫਾਇਦਾ ਲੈ ਸਕਣ।

**ਸੁਰਿੰਦਰ ਸਿੰਘ ਰੁਬੀ**
**ਸਹਿ ਸੰਪਾਦਕ**

# ਚੋਰ

**ਸਤਵਿੰਦਰ ਸਿੰਘ ਬੇਗੋਵਾਲੀਆ**


ਸਤਵਿੰਦਰ ਸਿੰਘ ਬੇਗੋਵਾਲੀਆ

**ਪ੍ਰਸਿੱਧ ਨਾਟਕਕਾਰ ਸਤਵਿੰਦਰ ਸਿੰਘ ਬੇਗੋਵਾਲੀਆ ਨਗਰ ਬੇਗੋਵਾਲ ਦੇ ਸਿਰਕੱਢ ਮੁਰੱਬੀਆ ਪਰਿਵਾਰ ਦੇ ਫਰਜੰਦ ਹਨ। ਆਪ ਜੀ ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ ਹਨ। ਆਪ ਜੀ ਨੇ ਆਪਣੀ ਕਲਮ ਤੋਂ ਤਕਰੀਬਨ ਅੱਧੀ ਦਰਜਨ ਨਾਟ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਵਿਚ ਪਾਈਆਂ ਹਨ। ਉਹਨਾਂ ਨੂੰ ਆਈ.ਸੀ. ਨੰਦਾ ਨਾਟਕ ਪੁਰਸਕਾਰ ਨਾਲ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ। ਉਹਨਾਂ ਦੇ ਕੁਝ ਨਾਟਕਾਂ ਨੂੰ ਅਸੀਂ 'ਲੁਬਾਣਾ ਸੇਵਕ' ਵਿਚ ਧੰਨਵਾਦ ਸਹਿਤ ਲੜੀਵਾਰ ਛਾਪ ਕੇ ਖੁਸ਼ੀ ਮਹਿਸੂਸ ਕਰਦੇ ਹਾਂ।**

**ਸੁਰਿੰਦਰ ਸਿੰਘ ਰੂਬੀ 'ਸਹਿ ਸੰਪਾਦਕ'**

**ਗਿਆਨ ਸਿੰਘ** : ਵੇਖੀ ਜਾਏਗੀ।

1\. : ਸਾਡਾ ਰਾਹ ਛੱਡ ਦੇ, ਸਾਡੇ ਪਾਸ ਹੋਰ ਵਕਤ ਨਹੀਂ।

**ਧੁੰਨਾ** : ਗਿਆਨ ਸਿੰਘ ਸ਼ਾਹ ਜੀ, ਮੈਨੂੰ ਛੁਡ਼ਾ..... ਪੱਲੇਦਾਰਾਂ ਨੂੰ ਵਾਜ ਮਾਰ।

**ਗਿਆਨ ਸਿੰਘ** : ਛੱਡ ਦਿਉ ਧੁੰਨੇ ਨੂੰ, ਮੈਂ ਘਾਟਾ ਨਹੀਂ ਖਾ ਸਕਦਾ।

1\. : ਚੱਲ ਹਟ, ਮਾਇਆਧਾਰੀ ਅੰਨ੍ਹਾ ਬੋਲਾ।
(ਯਮ, ਗਿਆਨ ਸਿੰਘ ਨੂੰ ਜ਼ੋਰਦਾਰ ਧੱਕਾ ਮਾਰਦੇ ਹਨ, ਗਿਆਨ ਸਿੰਘ ਜ਼ਮੀਨ 'ਤੇ ਡਿੱਗ ਪੈਂਦਾ ਹੈ, ਗਿਆਨ ਸਿੰਘ ਧੁੰਨੇ ਦੀਆਂ ਲੱਤਾਂ ਫੜ ਲੈਂਦਾ ਹੈ)।

2\. : ਧੁੰਨੇ ਦੇ ਪੈਰ ਛੱਡ ਦੇ।

**ਗਿਆਨ ਸਿੰਘ** : ਕਿਉਂ ਛੱਡਾਂ? ਜਦ ਤੱਕ ਧੁੰਨਾ ਇਸ ਪਰਨੋਟ 'ਤੇ ਅੰਗੂਠਾ ਨਹੀਂ ਲਾਉਂਦਾ, ਮੈਂ ਨਹੀਂ ਛੱਡਾਂਗਾ।

1\. : (ਨੰ. 2 ਨੂੰ) ਇੱਕ ਕੰਮ ਕਰੀਏ।

2\. : ਉਹ ਕਿਹੜਾ?

1\. : ਗਿਆਨ ਸਿੰਘ ਨੇ ਧੁੰਨੇ ਦੇ ਪੈਰ ਨਹੀਂ ਛੱਡਣੇ। ਕਿਤੇ ਗਿਆਨ ਸਿੰਘ ਸਵਰਗ ਲੋਕ ਨਾ ਪਹੁੰਚ ਜਾਏ।

2\. : ਫਿਰ ਦਸ ਨੰਬਰ ਸੀਟ ਦਾ ਕੀ ਬਣੇਗਾ ਜਿਹੜੀ ਗਿਆਨ ਸਿੰਘ ਲਈ ਰੱਖੀ ਏ ਨਰਕਾਂ ਵਿੱਚ।

1\. : ਧੁੰਨੇ ਕੋਲੋਂ ਪਰਨੋਟ 'ਤੇ ਅੰਗੂਠਾ ਜ਼ਰੂਰ ਲਵਾਉਣੈ ਗਿਆਨ ਸਿੰਘ?

**ਗਿਆਨ ਸਿੰਘ** : ਹਾਂ ਹਾਂ, ਖੱਬੇ ਹੱਥ ਦਾ ਅੰਗੂਠਾ।

1\. : ਆਪਾਂ ਧੁੰਨੇ ਦੇ ਖੱਬੇ ਹੱਥ ਦਾ ਅੰਗੂਠਾ ਈ ਵੱਢ ਦੇਣੇ ਆਂ। ਨਾ ਹੋਵੇਗਾ ਬਾਂਸ ਤੇ ਨਾ ਵੱਜੇਗੀ ਬੰਸਰੀ।

**ਗਿਆਨ ਸਿੰਘ** : ਮੈਂ ਇੰਜ ਨਹੀਂ ਹੋਣ ਦਿਆਂਗਾ।
(ਗਿਆਨ, ਧੁੰਨੇ ਦੇ ਪੈਰ ਛੱਡ ਦਿੰਦਾ ਹੈ ਅਤੇ ਯਮ ਧੁੰਨੇ ਨੂੰ ਆਪਣੇ ਨਾਲ ਤੋਰ ਲੈਂਦੇ ਹਨ)

1\. : (ਹੱਸਦਾ ਹੋਇਆ) ਗਿਆਨ ਸਿੰਘ, ਬਾਏ ਬਾਏ..........
(ਧੁੰਨੇ ਨੂੰ ਜਾਗ ਆ ਜਾਂਦੀ ਹੈ)

**ਧੁੰਨਾ** : (ਘਬਰਾਹਟ ਵਿਚ ਆਪਣੇ ਆਪ ਨਾਲ ਗੱਲਾਂ ਕਰਦਾ ਹੋਇਆ) ਸ਼ੁਕਰ ਏ ਐਸੇ ਦੁਨੀਆਂ ਵਿਚ ਆਂ।
(ਬੰਤੂ ਝਿਊਰ ਆਉਂਦਾ ਹੈ, ਉਹਦੇ ਹੱਥ ਵਿਚ ਕੁੱਝ ਕਾਰਡ ਹਨ)

**ਬੰਤੂ** : ਵਧਾਈਆਂ ਹੋਣ, ਦੀਪੇ ਦੇ ਮੁੰਡੇ ਦਾ ਵਿਆਹ ਆ ਗਿਐ ਐਸ ਪੰਦਰਾਂ ਨੂੰ, ਆਹ ਫੜੋ ਵਿਆਹ ਦਾ ਕਾਰਡ। ਸੋਚਿਆ ਸਵੇਰੇ ਸਵੇਰੇ ਬੋਣੀ ਤੁਹਾਡੇ ਘਰੋਂ ਈ ਹੋ ਜਾਏ।

**ਧੁੰਨਾ** : ਕਾਰਡ ਦੀ ਕੀ ਲੋੜ ਸੀ? ਸਾਨੂੰ ਜ਼ਬਾਨੀ ਸੁਨੇਹਾ ਭੇਜ ਦਿੰਦਾ।

**ਬੰਤੂ** : ਕਿਉਂ ਸਰਦਾਰਾ? ਕਾਰਡ ਕਰਕੇ ਬੰਤੂ ਨੂੰ ਵੀਹ ਰੁਪਏ ਨਾ ਦੇਣੇ ਪੈ ਜਾਣ। ਕੱਲ੍ਹ ਕਈ ਵੰਨੀਆਂ ਦੇ ਬੰਦੇ ਵੇਖੇ ਕਾਰਡ ਵੰਡਦਿਆਂ। ਕਈ ਭਲੇ ਲੋਕ ਨਾਲੇ ਪਿਔਣ ਚਾਹ ਤੇ ਨਾਲ ਪੰਜਾਹ ਰੁਪਏ ਵੀ ਦੇਣ ਪਰ ਕਈ ਭੁੱਖ ਦੇ ਢੁੱਫੜ..... ਸਵੇਰੇ ਸਵੇਰੇ ਕੀ ਲੈਣੈਂ ਉਹਨਾਂ ਦਾ ਨਾਂ। ਤੁਸੀਂ ਮੈਨੂੰ ਤੋਰੋ ਜਲਦੀ ਜਲਦੀ।

**ਧੁੰਨਾ** : ਤੈਨੂੰ ਕੀ ਤੋਰੀਏ, ਤੂੰ ਆਪੇ ਤੁਰ ਜਾ।

ਬੰਤੂ : ਕੀ ਗੱਲ ਸਰਦਾਰਾ?

ਧੁੰਨਾ : ਕੀ ਦੱਸੀਏ? ਝੱਗਾ ਚੁਕਾਂਗੇ ਤੇ ਢਿੱਡ ਅਪਣਾ ਈ ਨੰਗਾ ਹੋਣੈਂ, ਜੇ ਘਰ ਨਾ ਹੋਣ ਵੀਹ ਰੁਪਏ ਤਾਂ ਕੀ ਕਰੀਏ।

ਬੰਤੂ : ਸਰਦਾਰਾਂ ਦੇ ਮੂੰਹੋਂ ਗੱਲ ਚੰਗੀ ਨਹੀਂ ਲੱਗਦੀ।

ਧੁੰਨਾ : ਕਾਹਦੇ ਸਰਦਾਰ ਆਂ? ਹੁਣ ਤਾਂ ਨਾਂ ਦੇ ਸਰਦਾਰ ਆਂ, ਸਾਡੇ ਤਾਂ ਬੱਸ ਵਾਜੇ ਵੱਜ ਪਏ ਨੇ।

ਬੰਤੂ : ਨਾ ਨਾ ਜ਼ਮੀਨ ਭਾਂਡੇ ਵਾਲੇ ਹੋ।ਅਸਾਂ ਤੁਹਾਡੇ ਤੋਂ ਖਾਣੈ, ਸਾਡੇ ਕਿਹੜੇ ਬਾਹਰ ਹੱਲ ਚਲਦੇ ਨੇ।

ਧੁੰਨਾ : ਤੇਰੇ ਬਾਹਰ ਹੱਲ ਵਗਦੇ ਹੁੰਦੇ ਤਾਂ ਤੂੰ ਸ਼ਹਿਨਸ਼ਾਹ ਅਕਬਰ ਹੁੰਦਾ। ਛੇ ਮਹੀਨੇ ਮੂੰਹ ਚੁੱਕ ਕੇ ਫਸਲ ਵੱਲ ਵੇਖਣਾ ਪੈਂਦੈ, ਪੱਲੇ ਸੁਆਹ ਹੀ ਪੈਂਦੀ ਏ ਤੇ ਆੜ੍ਹਤੀਏ ਦਾ ਕਰਜ਼ਾ ਹਨੂਮਾਨ ਦੀ ਪੂਛ ਵਾਂਗ ਵਧਦਾ ਈ ਜਾਂਦੈ। ਜ਼ਮੀਨਾਂ ਵੀ ਕੀ ਕਰਨਗੀਆਂ? ਸਾਨੂੰ ਚਾਰ ਭਰਾਵਾਂ ਨੂੰ ਆਏ ਚਾਰ-ਚਾਰ ਕਿਲੇ, ਅੱਗੋਂ ਮੇਰੇ ਦੋ ਮੁੰਡਿਆਂ ਨੂੰ ਦੋ-ਦੋ ਕਿਲੇ ਆਉਣੀ ਏ। ਏਦਾਂ ਵੰਡ ਚਲਦੀ ਰਹੀ ਤਾਂ ਇਕ ਦਿਨ ਐਸਾ ਆਵੇਗਾ ਕਿ ਕੱਲੇ ਕੱਲੇ ਦੇ ਹਿੱਸੇ ਮੰਜੀਆਂ ਡਾਹੁਣ ਜੋਗੀ ਥਾਂ ਹੀ ਰਹਿ ਜਾਵੇਗੀ।

ਬੰਤੂ : (ਮਖ਼ੌਲ ਕਰਦਾ ਹੋਇਆ) ਤੁਹਾਡੇ ਨਾਲੋਂ ਤਾਂ ਅਸੀਂ ਕੰਮੀ ਲੋਕ ਈ ਚੰਗੇ ਆਂ। ਕੱਲ੍ਹ ਤਿੰਨ ਸੌ ਰੁਪਿਆ ਹੋ ਗਿਐ ਕਾਰਡਾਂ ਦਾ ਹੀ।

ਧੁੰਨਾ : ਤੁਹਾਡੀਆਂ ਤਾਂ ਪੰਜੇ ਈ ਘਿਓ ਵਿਚ ਨੇ। ਕਿਸੇ ਦੇ ਵਿਆਹ ਹੋਵੇ ਜਾਂ ਅਖੰਡ ਪਾਠ, ਤੁਹਾਡੇ ਘਰ ਦੀ ਸਾਰੀ ਫ਼ੌਜ ਅਗਲੇ ਘਰ ਦੀ ਚੰਗੀ ਤਬਾਹੀ ਕਰਦੀ ਏ ਤਿੰਨ ਚਾਰ ਦਿਨ।

ਬੰਤੂ : ਨਾ ਹੋਰ ਫ਼ੌਜ ਨੂੰ ਬੀਕਾਨੇਰ ਭੇਜ ਦਿਆ ਕਰੀਏ? ਜੇ ਖਾਂਦੇ ਆਂ ਤਾਂ ਜੂਠ ਵੀ ਤਾਂ ਅਗਲਿਆਂ ਦੀ ਮਾਂਜਦੇ ਆਂ। ਤੁਸੀਂ ਖਾ ਕੇ ਵਗਾਹ ਕੇ ਮਾਰਦੇ ਹੋ ਥਾਲੀ ਸਾਡੇ ਸਿਰ ਵਿਚ, ਬਾਕੀ ਸਾਰਾ ਖਿਲਾਰਾ ਸਾਨੂੰ ਈ ਸਾਂਭਣਾ ਪੈਂਦੈ।

ਧੁੰਨਾ : ਤੁਹਾਨੂੰ ਤਾਂ ਫੈਦਾ ਈ ਫੈਦਾ ਏ, ਪੱਲਿਓਂ ਤਾਂ ਨਹੀਂ ਲੱਗਦਾ ਕੁੱਝ।

ਬੰਤੂ : ਦੇ ਪੱਲਿਓਂ ਵੀਹ ਰੁਪਏ ਤੇ ਮੈਂ ਜਾਵਾਂ।

ਧੁੰਨਾ : ਬੰਤੂ, ਅੱਜ ਤਾਂ ਪੱਲੇ ਖੋਟੀ ਕੌਡੀ ਵੀ ਨਹੀਂ, ਸਹੁੰ ਚੁਕਾ ਲੈ ਭਾਵੇਂ।

ਬੰਤੂ : ਤੇਰੀ ਸਹੁੰ ਦਾ ਸਾਨੂੰ ਕੀ ਫੈਦਾ? ਕੰਮੀ ਨੂੰ ਇਵੇਂ ਵਾਪਸ ਕਰੋਗੇ ਤਾਂ ਮਿੱਟੀ ਤੁਹਾਡੀ ਪੁੱਟੀ ਜਾਵੇਗੀ।

ਧੁੰਨਾ : ਪੁੱਟ ਲੈ ਮਿੱਟੀ (ਕੁੱਝ ਸੋਚਣ ਬਾਅਦ) ਤੂੰ ਪਰਸੋਂ ਆ ਕੇ ਲੈ ਜਾਵੀਂ ਬੰਤੂ।

ਬੰਤੂ : ਮੈਂ ਵੀਹ ਰੁਪਏ ਪਿੱਛੇ ਗੇੜੇ ਮਾਰਦਾ ਫਿਰਾਂ?

ਧੁੰਨਾ : ਗੇੜੇ ਮਾਰਨ ਦਾ ਕਿਹੜਾ ਤੈਨੂੰ ਬਿੱਲ ਆਉਣੈਂ? ਪਰਸੋਂ ਆ ਜਾਈਂ ਯਾਰ.....

ਬੰਤੂ : (ਮਖ਼ੌਲ ਨਾਲ) ਪਰਸੋਂ ਕਿਹੜਾ ਤੈਨੂੰ ਡਰਾਫਟ ਮਿਲ ਜਾਣੈਂ ਸਰਕਾਰੀ?

ਧੁੰਨਾ : ਬੰਤੂ, ਤਬਾਰ ਵੀ ਕੋਈ ਚੀਜ਼ ਹੁੰਦੈ, ਬੰਦੇ ਦੇ ਜ਼ਬਾਨ ਦੀ ਵੀ ਕੋਈ ਗੱਲ ਹੁੰਦੀ ਏ, ਤੇਰੇ ਵਾਸਤੇ ਕੋਈ ਹੀਲਾ ਵਸੀਲਾ ਤਾਂ ਕਰਾਂਗੇ ਹੀ।

ਬੰਤੂ : (ਚੋਭ ਲਾਉਂਦਾ ਹੋਇਆ) ਹੀਲਾ ਵਸੀਲਾ ਮੈਂ ਦਸਦਾਂ। ਆਹ ਫੜ੍ਹ ਖਾਂ ਮੇਰੇ ਤੋਂ ਅੱਠ ਦਸ ਕਾਰਡ ਤੇ ਫਿਰ ਜਾ ਚਾਰ ਪੰਜ ਘਰ।

ਧੁੰਨਾ : ਕਰ ਲੈ ਮਖ਼ੌਲ, ਅੱਜ ਦਾ ਦਿਨ ਤੇਰਾ ਦਿਨ ਏ।

ਬੰਤੂ : ਤੇਰੇ ਵਰਗੇ ਸਾਡਾ ਹੱਕ ਮਾਰੀ ਜਾਣ ਤਾਂ ਸਾਡੇ ’ਤੇ ਗੜੇ ਮਾਰ ਕਿਵੇਂ ਨਾ ਹੋਊ?

ਧੁੰਨਾ : ਤੇਰਾ ਕੰਮ ਕਾਰਡ ਵੰਡਣਾ ਏ ਪਰ ਤੇਰਾ ਹੱਕ ਨਹੀਂ ਪੈਸੇ ਮੰਗਣਾ। ਇਹ ਤਾਂ ਸਾਡੀ ਖੁਲ੍ਹਦਿਲੀ ਏ ਜੋ ਤੇਰੇ ਵਰਗਿਆਂ ਨੂੰ ਖੁਸ਼ ਕਰਕੇ ਭੇਜਦੇ ਰਹੇ ਆਂ।

ਬੰਤੂ : ਹੱਕ ਕਿਉਂ ਨਹੀਂ? ਕੰਮੀ ਦਾ ਹੱਕ ਹੁੰਦੈ।

ਧੁੰਨਾ : ਤੇਰਾ ਹੱਕ ਮਾਰਿਆ ਕਦੇ ਪਹਿਲਾਂ? ਯਾਦ ਕਰ ਉਹ ਵਕਤ ਜਦ ਤੇਰੇ ਘਰ ਆਟੇ ਦੀ ਇੱਕ ਮੁੱਠ ਨਹੀਂ ਸੀ ਹੁੰਦੀ, ਕਿੰਨੀ ਵਾਰ ਮੇਰੇ ਘਰੋਂ ਤੂੰ ਆਟਾ ਲਿਜਾ ਕੇ ਚੁੱਲ੍ਹਾ ਬਾਲਦਾ ਰਿਹੈਂ।

ਬੰਤੂ : ਵਕਤ ਵਕਤ ਦੀ ਗੱਲ ਏ ਧੁੰਨਾ ਸਿੰਘ। ਤੂੰ ਆ ਜਾ ਮੇਰੇ ਨਾਲ ਭਾਂਡਾ ਫੜ੍ਹ ਕੇ ਮੇਰੇ ਘਰ, ਤੈਨੂੰ ਆਟਾ ਪਾ ਦਿਆਂਗੇ।
(ਮਿੰਦਰੋ ਆਉਂਦੀ ਹੈ, ਜਿਸ ਨੇ ਬੰਤੀ ਦੀ ਗੱਲ ਸੁਣ ਲਈ ਹੈ)

ਮਿੰਦਰੋ : ਤੈਨੂੰ ਸ਼ਰਮ ਨਾ ਆਈ ਇਵੇਂ ਬੋਲਦੇ? ਕਿੰਨੀ ਵਾਰੀ ਤੂੰ ਟਾਹਲੀਆਂ ਵਾਲੇ ਕਿਲੇ ਵਿੱਚੋਂ ਸਾਗ ਤੋੜ ਕੇ ਲਿਆਂਦਾ ਰਿਹਾ, ਅਸੀਂ ਨਾ ਤੈਨੂੰ ਡੱਕਿਆ। ਘਰ ਕੋਈ ਅਖੰਡ ਪਾਠ ਰੱਖਣਾ ਤਾਂ ਤੈਨੂੰ ਦੂਜਿਆਂ ਨਾਲੋਂ ਵੱਧ ਦੇ ਕੇ ਤੋਰਨਾ, ਤੂੰ ਸਭ ਕੁੱਝ ਭੁੱਲ ਗਿਐਂ?

ਬੰਤੂ : ਮੇਰੇ ਤੇ ਰੋਅਬ ਪਾਉਣ ਦੀ ਲੋੜ ਨਹੀਂ ਬਾਬੇ ਆਦਮ ਦੇ ਵੇਲੇ ਦੀਆਂ ਗੱਲਾਂ ਚੇਤੇ ਕਰਾ ਕੇ। ਕਰ ਕੇ ਲਿਜਾਂਦੇ ਰਹੇ ਆਂ, ਕੋਈ ਹੱਥ ’ਤੇ ਹੱਥ ਨਹੀਂ ਸੀ ਧਰ ਕੇ ਬੈਠੇ ਰਹਿੰਦੇ। ਤੁਸੀਂ ਕੱਢੋ ਵੀਹ ਰੁਪਏ ਤੇ ਮੈਂ ਕਿਸੇ ਹੋਰ ਘਰ ਵੱਲ ਮੂੰਹ ਕਰਾਂ।

ਧੁੰਨਾ : ਤੈਨੂੰ ਕਹਿ ਜੁ ਦਿੱਤੈ ਪਰਸੋਂ ਆ ਕੇ ਲੈ ਜਾਈਂ।

(ਚਲਦਾ

# ਵਾਇਰਲ ਹੈਪੇਟਾਈਟਸ ਰੋਗ ਅਤੇ ਜਾਣਕਾਰੀਆਂ

ਮੇਘਾ



ਹੈਪੇਟਾਈਟਸ ਇਕ ਸੰਕ੍ਰਮਣ ਰੋਗ ਹੈ ਜੋ ਏਡਜ਼ ਦੀ ਤਰ੍ਹਾਂ ਫੈਲਦਾ ਹੈ। ਹੈਪੇਟਾਈਟਸ ਇਕ ਖ਼ਤਰਨਾਕ ਰੋਗ ਹੈ। ਅੱਜਕਲ੍ਹ ਬਾਜ਼ਾਰ ਵਿਚ ਇਸ ਰੋਗ ਤੋਂ ਬਚਣ ਲਈ ਰੋਗ ਨਿਰੋਧੀ ਟੀਕੇ ਉਪਲਬਧ ਹਨ, ਜਿਨ੍ਹਾਂ ਨੂੰ ਡਾਕਟਰੀ ਸਲਾਹ ਅਨੁਸਾਰ ਲਗਵਾ ਲੈਣਾ ਚਾਹੀਦਾ ਹੈ।

ਵਾਇਰਲ ਹੈਪੇਟਾਈਟਸ ਦਾ ਪ੍ਰਕੋਪ ਵਰਖਾ ਰੁੱਤ ਵਿਚ ਵਧ ਜਾਂਦਾ ਹੈ। ਇਹ ਰੋਗ ਪ੍ਰਦੂਸ਼ਿਤ ਪਾਣੀ, ਦੁੱਧ ਅਤੇ ਗੰਦੇ ਭੋਜਨ ਦੇ ਸੇਵਨ ਨਾਲ ਹੁੰਦਾ ਹੈ। ਗੰਦੇ ਹੱਥਾਂ ਨਾਲ ਖਾਣਾ ਬਣਾਉਣ ‘ਤੇ ਅਤੇ ਗੰਦੇ ਭਾਂਡਿਆਂ ਵਿਚ ਭੋਜਨ ਕਰਨ ‘ਤੇ ਵੀ ਇਹ ਰੋਗ ਹੋ ਸਕਦਾ ਹੈ। ਇਹ ਰੋਗ ਪ੍ਰਦੂਸ਼ਣ, ਪਾਣੀ ਅਤੇ ਭੋਜਨ ਨਾਲ ਸਬੰਧਤ ਰੋਗ ਹੈ।

ਹੈਪੇਟਾਈਟਸ ਵਾਇਰਲ ਜਿਗਰ ‘ਤੇ ਸਭ ਤੋਂ ਜ਼ਿਆਦਾ ਪ੍ਰਭਾਵ ਪਾਉਂਦੇ ਹਨ, ਜਿਸ ਨਾਲ ਪੀਲੀਆ ਅਤੇ ਹੋਰ ਕਈ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਹੈਪੇਟਾਈਟਸ ਵਾਇਰਸ ਕਈ ਰੂਪਾਂ ਵਿਚ ਹੁੰਦਾ ਹੈ ਜਿਵੇਂ ‘ਏ’, ‘ਬੀ’, ‘ਸੀ’, ‘ਡੀ’, ‘ਈ’ ਅਤੇ ‘ਐੱਫ’ ਆਦਿ। ਇਨ੍ਹਾਂ ਵਿਚੋਂ ਹੈਪੇਟਾਈਟਸ ‘ਏ’ ਅਤੇ ‘ਈ’ ਪ੍ਰਦੂਸ਼ਿਤ ਭੋਜਨ ਅਤੇ ਪਾਣੀ ਦੇ ਸੇਵਨ ਨਾਲ ਫੈਲਦਾ ਹੈ।

ਹੈਪੇਟਾਈਟਸ ‘ਬੀ’, ‘ਸੀ’ ਅਤੇ ‘ਡੀ’ ਸੰਕ੍ਰਮਿਤ ਖ਼ੂਨ ਚੜ੍ਹਾਉਣ ਨਾਲ, ਸੰਕ੍ਰਮਿਤ ਔਜ਼ਾਰਾਂ ਦੀ ਵਰਤੋਂ ਨਾਲ ਅਤੇ ਸੰਕ੍ਰਮਿਤ ਟੀਕਾ ਲਗਵਾਉਣ ਨਾਲ ਫੈਲਦਾ ਹੈ। ਵਾਇਰਲ ਹੈਪੇਟਾਈਟਸ ‘ਬੀ’, ‘ਸੀ’ ਅਤੇ ‘ਡੀ’ ਦੇ ਰੋਗੀਆਂ ਦੇ ਤੌਲੀਏ, ਸੇਫਟੀ ਅਤੇ ਦੰਦ ਸਾਫ਼ ਕਰਨ ਵਾਲੇ ਬੁਰਸ਼ ਦੀ ਵਰਤੋਂ ਤੰਦਰੁਸਤ ਲੋਕਾਂ ਨੂੰ ਨਹੀਂ ਕਰਨੀ ਚਾਹੀਦੀ।

ਹੈਪੇਟਾਈਟਸ ‘ਐੱਫ’ ਵੀ ਖ਼ੂਨ ਨਾਲ ਫੈਲਦਾ ਹੈ ਪਰ ਅਜੇ ਇਸ ਰੋਗ ਦੀ ਜ਼ਿਆਦਾ ਜਾਣਕਾਰੀ ਨਹੀਂ ਹੈ। ਹੈਪੇਟਾਈਟਸ ਰੋਗ ਦੀ ਪਛਾਣ ਜਾਂਚ ਕਰਵਾਉਣ ‘ਤੇ ਹੀ ਪਤਾ ਲਗਦੀ ਹੈ। ਇਸ ਦਾ ਰੋਗ ਸ਼ੁਰੂ ਹੋਣ ਤੋਂ ਪਹਿਲਾਂ ਉਲਟੀ, ਦਸਤ ਲੱਗਣਾ, ਬੁਖਾਰ ਰਹਿਣਾ, ਭੁੱਖ ਘੱਟ ਲੱਗਣਾ, ਪਿਸ਼ਾਬ ਦਾ ਪੀਲਾ ਆਉਣਾ, ਪੇਟ ਦੇ ਉਪਰਲੇ ਹਿੱਸੇ ਵਿਚ ਦਰਦ ਹੋਣਾ, ਜੀਅ ਮਿਚਲਾਉਣਾ ਆਦਿ ਹੁੰਦਾ ਹੈ।

ਵਾਇਰਲ ਹੈਪੇਟਾਈਟਸ ਦੇ ਰੋਗੀਆਂ ਨੂੰ ਹੇਠ ਲਿਖੀਆਂ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ–

* ਪ੍ਰਦੂਸ਼ਿਤ ਭੋਜਨ ਅਤੇ ਪਾਣੀ ਤੋਂ ਪ੍ਰਹੇਜ਼ ਰੱਖੋ। ਸ਼ੁੱਧ ਪਾਣੀ ਅਤੇ ਪੌਸ਼ਟਿਕ ਸ਼ੁੱਧ ਭੋਜਨ ਦਾ ਸੇਵਨ ਕਰੋ।

•* ਸ਼ਰਕਰਾ ਦੀ ਜ਼ਿਆਦਾ ਮਾਤਰਾ ਵਾਲੇ ਭੋਜਨ ਦਾ ਸੇਵਨ ਕਰਨਾ ਚਾਹੀਦਾ ਹੈ, ਜਿਵੇਂ ਗੁਲੂਕੋਜ਼, ਸ਼ਰਬਤ, ਆਲੂ, ਚੌਲ, ਪੇਠੇ ਦੀ ਮਠਿਆਈ, ਘਰ ਦਾ ਬਣਿਆ ਮੁਰੱਬਾ ਆਦਿ ਦਾ ਸੇਵਨ ਕਰਨਾ ਚਾਹੀਦਾ ਹੈ।

* ਰੋਗੀ ਨੂੰ ਘੱਟ ਤੋਂ ਘੱਟ ਤੇਲ, ਘਿਓ ਦਾ ਸੇਵਨ ਕਰਨਾ ਚਾਹੀਦਾ ਹੈ। ਪ੍ਰੋਟੀਨ ਦਾ ਸੇਵਨ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।

* ਰੋਗੀ ਨੂੰ ਜ਼ਿਆਦਾ ਜ਼ੋਰ ਵਾਲੇ ਕੰਮ ਨਹੀਂ ਕਰਨੇ ਚਾਹੀਦੇ। ਬਿਲਕੁਲ ਹਲਕੇ–ਫੁਲਕੇ ਕੰਮ ਕਰੋ। ਆਰਾਮ ਜ਼ਿਆਦਾ ਕਰੋ।

* ਹੈਪੇਟਾਈਟਸ ਵਾਇਰਸ ਤੋਂ ਪੀੜਤ ਰੋਗੀਆਂ ਦੇ ਕੱਪੜੇ ਅਤੇ ਬਿਸਤਰੇ ਅਲੱਗ ਗਰਮ ਪਾਣੀ ਵਿਚ ਧੋਣੇ ਚਾਹੀਦੇ ਹਨ।

* ਪਿਸ਼ਾਬ ਅਤੇ ਮਲ ਤਿਆਗਣ ਤੋਂ ਬਾਅਦ ਹੱਥ ਚੰਗੀ ਤਰ੍ਹਾਂ ਸਾਬਣ ਨਾਲ ਧੋਵੋ।

* ਬਾਜ਼ਾਰ ਦੇ ਭੋਜਨ ਦਾ ਸੇਵਨ ਨਾ ਕਰੋ।

* ਕੱਟੇ ਫਲਾਂ ਦਾ ਸੇਵਨ ਨਾ ਕਰੋ।

* ਹੱਥਾਂ, ਪੈਰਾਂ ਅਤੇ ਸਰੀਰ ਦੀ ਤੰਦਰੁਸਤੀ ‘ਤੇ ਵਿਸ਼ੇਸ਼ ਧਿਆਨ ਦਿਓ। ਨਹੁੰ ਕੱਟ ਕੇ ਰੱਖੋ।

• ਡਾਕਟਰ ਦੇ ਕਦੇ ਕਿਸੇ ਹੋਰ ਬਿਮਾਰੀ ਲਈ ਜਾਓ ਜਾਂ ਖ਼ੂਨ ਦੀ ਜਾਂਚ ਕਰਵਾਉਣ ਜਾਓ ਤਾਂ ਧਿਆਨ ਰੱਖੋ ਕਿ ਡਿਸਪੋਜ਼ੇਬਲ ਸੂਈ ਦੀ ਵਰਤੋਂ ਹੋਣੀ ਚਾਹੀਦੀ ਹੈ ਅਤੇ ਕੋਈ ਔਜ਼ਾਰ ਜੇ ਡਾਕਟਰ ਵਰਤੋਂ ਵਿਚ ਲਿਆਏ ਤਾਂ ਸਟਰਲਾਈਜ਼ਡ ਹੋਣਾ ਚਾਹੀਦਾ ਹੈ।

# ਕਾਵਿ-ਕਿਆਰੀ

## (ਲਫ਼ਜ਼ਾਂ ਦੀ ਲੋਏ ਲੋਏ)

### ਸਾਹਿਤ/ਹਰਬਖ਼ਸ਼ ਸਿੰਘ ਟਾਹਲੀ



ਇਤਿਹਾਸ ਅਤੇ ਸਾਹਿਤ, ਜੀਵਨ-ਛੱਲ ਦੇ ਦੋ ਵੱਖਰੇ ਨਿਖਾਰ
ਇਤਿਹਾਸ ਜ਼ਿੰਦਗੀ ਦੀ ਕਹਾਣੀ ਲਿਖਦਾ ਹੈ।
ਸਾਹਿਤ ਜ਼ਿੰਦਗੀ ਦੇ ਉਦੇਸ਼ ਅੰਕਿਤ ਕਰਦਾ ਹੈ।
ਇਤਿਹਾਸ ਜ਼ਿੰਦਗੀ ਦੇ ਕੱਦ ਜਿੱਡਾ ਲੰਬਾ ਹੈ
ਸਾਹਿਤ ਭਾਵਨਾਵਾਂ ਦੀਆਂ ਛੱਲਾਂ ਦਾ ਪ੍ਰਗਟਾਅ ਹੈ।
ਇਤਿਹਾਸ ਗੁਜ਼ਰ ਗਏ ਦੀ ਅੱਖਰ-ਮਾਲਾ ਹੈ
ਸਾਹਿਤ ਵਰਤਮਾਨ ਵਿਚ ਖੁਸ਼ਬੋ ਖਿਲੇਰਦਾ ਹੈ।
ਕਿਸੇ ਇਤਿਹਾਸ ਵਿਚ ਸਾਹਿਤ ਵੀ ਹੋਵੇ-ਜ਼ਰੂਰੀ ਨਹੀਂ।
ਵੱਡੇ-ਵੱਡੇ ਇਤਿਹਾਸ, ਸਾਹਿਤ ਤੋਂ ਸੱਖਣੇ ਹਨ।
ਇਨ੍ਹਾਂ ਚੰਗੇਜ਼ਾਂ, ਹਿਟਲਰਾਂ ਅਤੇ ਗਜ਼ਨਵੀਆਂ ਦੇ ਇਤਿਹਾਸ
ਖਾਲੀ ਹਨ, ਜੀਵਨ ਦੇ ਭਾਵ ਭਿੰਨੇ ਸਾਹਿਤ ਤੋਂ।
ਇਤਿਹਾਸ ਘਟਨਾਵਾਂ ਦੀ ਕਲਮ ਦੀ ਪ੍ਰੇਰਨਾ ਹੈ
ਸਾਹਿਤ ਸੱਚ ਦੀਆਂ ਧਾਰਾਵਾਂ ਦਾ ਅਨੂਠਾ ਸੰਗਮ ਹੈ।
ਇਤਿਹਾਸ ਗੁਰੂ ਨਾਨਕ ਦੇਵ ਜੀ ਉੱਤੇ ਸੱਪ ਦੀ ਛਾਂ ਕਰਦਾ ਹੈ
ਪਰ ਸਭੈ ਸਾਂਝੀਵਾਲ ਸਦਾਨਿ ਕੋਇ ਨਾ ਦਿਸੈ ਬਾਹਰਾ ਜੀਓ
ਗੁਰੂ ਨਾਨਕ ਦੇਵ ਜੀ ਦਾ ਫਰਮਾਇਆ ਹੋਇਆ ਸਾਹਿਤ ਹੈ।
ਇਤਿਹਾਸ ਪ੍ਰੇਰਨਾ ਦੇ ਸਕਦਾ ਹੈ ਮੰਜ਼ਿਲ ਉੱਤੇ ਚੜ੍ਹਨ ਲਈ
ਪਰ ਸਾਹਿਤ ਦੀ ਰੌਸ਼ਨੀ ਬਿਨਾਂ ਮੰਜ਼ਿਲ ਉੱਤੇ ਅੱਪੜਨਾ ਮੁਸ਼ਕਿਲ ਹੈ।

*****

## ਸੁਪਨਿਆਂ ਦੀ ਘਾਣ/ ਕੌਣ ਛੱਟਾ ਦੇ ਗਿਆ

### ਸੁਰਿੰਦਰ ਮਕਸੂਦਪੁਰੀ



ਗਰੀਬੀ ਦੀ ਚੱਕੀ 'ਚ ਪਿਸਦੀਆਂ
ਤੰਗੀਆਂ-ਤੁਰਸ਼ੀਆਂ
ਦੁੱਖਾਂ-ਭੁੱਖਾਂ ਦੀ ਪਰਿਕਰਮਾ ਕਰਦੀਆਂ
ਭਰ ਉਦਾਸ ਹਨ
ਉਸ ਮਹਾਂਨਗਰ ਦੀਆਂ ਝੁੱਗੀਆਂ-ਝੌਂਪੜੀਆਂ

ਵੋਟਾਂ ਦੇ ਦਿਨੀਂ
ਇਨ੍ਹਾਂ ਝੁੱਗੀਆਂ ਵੱਲ ਉਮੜ ਪਈ ਹੈ
ਸਿਆਸੀ ਉਮੀਦਵਾਰਾਂ ਦੀ ਭੀੜ
ਲਾਰੇ-ਲੱਪਿਆਂ
ਵਾਅਦੇ-ਦਾਅਵਿਆਂ ਦੀਆਂ
ਗੱਲਾਂ ਦਾ ਗੱਡਾ ਭਰ ਕੇ
ਗਰੀਬ-ਗੁਰਬਿਆਂ ਦੀਆਂ ਵੋਟਾਂ ਹਥਿਆਉਣ
ਲੋਕਤੰਤਰ ਦੇ ਮੁਖੌਟਿਆਂ 'ਚ ਰਾਜਤੰਤਰ ਬਣਾਉਣ
ਲਹਿਲਹਾਉਂਦੇ ਸੁਪਨਿਆਂ ਦੇ ਸਬਜ਼ਬਾਗ਼ ਵਿਖਾਉਣ

ਸਾਜਿਸ਼ੀ ਹਵਾ 'ਚ ਝੂਮਦੇ ਹਨ
ਨਵੇਂ-ਨਵੇਲੇ ਨਾਅਰਿਆਂ, ਲਾਰਿਆਂ
ਦਾ ਹੋਕਾ ਦੇਂਦੇ
ਵਾਅਦਿਆਂ, ਦਾਅਵਿਆਂ ਦੇ ਪਰਚਮ :
ਆਓ ਸਿਰਜੀਏ ਸੂਝਵਾਨ ਵੋਟਰੋ
ਨਵਾਂ 'ਭਾਰਤ ਦੇਸ਼ ਮਹਾਨ'
ਆਓ ਵਿਗਸੀਏ ਮੁੱਢੋਂ-ਸੁੱਢੋਂ
ਇਸ ਦਾ 'ਨਵ-ਨਿਰਮਾਣ'
ਮੁੜ ਆਵੇ ਰੁੱਸੇ-ਰੁੱਠੇ ਚਿਹਰਿਆਂ 'ਤੇ
ਗੁੰਮੀ-ਗੁਆਚੀ ਮੁਸਕਾਨ !

ਵੋਟਾਂ ਦਾ ਸਿਲਸਿਲਾ ਮੁੱਕਦਿਆਂ
ਨਿਕਲੇ ਹਨ ਅਖੌਤੀ ਜੇਤੂ ਯੋਧੇ
ਹੂਟਰ ਵਜਾਉਂਦੀਆਂ
ਸਰਕਾਰੀ ਜੀਪਾਂ, ਕਾਰਾਂ ਦੇ ਕਾਫ਼ਲੇ ਸੰਗ
ਕਰਨ ਲਈ ਲੋਕ-ਰੈਲੀਆਂ 'ਚ
ਸੁਹਿਰਦ ਵੋਟਰਾਂ ਦਾ ਧੰਨਵਾਦ
ਗੁਜ਼ਰ ਗਿਆ ਹੈ
ਧੂੜਾਂ ਪੁੱਟਦਾ, ਹਵਾ 'ਚ ਉੱਡਦਾ
ਉਡੀਕ ਵਿਚ ਤੀਲਾ-ਤੀਲਾ ਹੋਈਆਂ
ਝੁੱਗੀਆਂ-ਝੌਂਪੜੀਆਂ ਮੂਹਰਿਓਂ
ਸਿਆਸਤਦਾਨਾਂ ਦੀਆਂ ਗੱਡੀਆਂ ਦਾ ਕਾਫ਼ਲਾ

ਬਿਹਬਲ-ਬੇਵੱਸ ਝੁੱਗੀਆਂ ਵਾਲੇ
ਮਾੜੇ-ਲਤਾੜੇ, ਮਜ਼ਦੂਰ ਵਿਚਾਰੇ
ਵੇਖ ਰਹੇ ਨੇ ਅੱਖਾਂ ਪਾੜ-ਪਾੜ
ਸ਼ੂਕਦੀਆਂ ਗੱਡੀਆਂ ਦੀ ਉਡਦੀ ਧੂੜ ਮਿੱਟੀ 'ਚੋਂ
ਭੀੜਤੰਤਰ ਦਾ ਭਰਿਆ ਮੇਲਾ
ਲੱਭ ਰਹੇ ਨੇ ਜਿਵੇਂ ਉਹ ਮੇਲੇ 'ਚੋਂ
ਕੋਈ ਪੈਸਾ, ਕੋਈ ਧੇਲਾ
ਖੋਜ ਰਹੇ ਨੇ ਸਿਆਸੀ ਪੈੜਾਂ ਦੇ ਨਕਸ਼ਾਂ 'ਚੋਂ
ਬੇਵਫ਼ਾ ਵਾਅਦਿਆਂ ਦੇ ਵਿਸ਼ਵਾਸ
ਨਵ-ਜੀਵਨ ਜਿਊਣ ਦੇ ਧਰਵਾਸ !

ਫਿਰ ਹੋ ਗਿਆ ਹੈ
ਹਾਕਮਾਂ ਦੀ ਬੋਲੀ ਵਿਚ

'ਭਾਰਤ ਦੇਸ਼ ਮਹਾਨ'
ਫਿਰ ਹੋ ਗਿਆ ਹੈ
ਕਾਗ਼ਜ਼ਾਂ ਦੇ ਸਫ਼ਿਆਂ 'ਤੇ
ਇਸ ਦਾ 'ਨਵ-ਨਿਰਮਾਣ'
ਫਿਰ ਹੋ ਗਿਆ ਹੈ 'ਮਕਸੂਦਪੁਰੀ'
ਇਨ੍ਹਾਂ ਜਿਊਂਦੀਆਂ ਲਾਸ਼ਾਂ ਦੇ
ਸੁਪਨਿਆਂ ਦਾ ਘਾਣ !

**-234, ਸੁਦਰਸ਼ਨ ਪਾਰਕ,**
**ਮਕਸੂਦਾਂ, ਜਲੰਧਰ-144021,**
**ਮੋ. 99887-10234**

*****

## ਕਵਿਤਾ/ ਪੰਜਾਬੀ ਮਾਂ ਦੀ ਪੁਕਾਰ

ਮਸਜਿਦ ਮੰਦਰ ਗੁਰਦੁਆਰੇ ਰੱਬੀ ਨੂਰ ਦੇ ਗੜ੍ਹ।
ਵੇਖੋ ਇਥੇ ਲੜਦੇ ਬੰਦੇ ਹੱਥ ਤਲਵਾਰਾਂ ਫੜ।

ਦੁਸ਼ਮਣ ਹੋਏ ਭਾਈ ਭਾਈ ਜਿਉਂ ਸ਼ੀਆ ਤੇ ਸੁੰਨੀ,
ਨਿੱਤ ਦਿਹਾੜੇ ਹਰ ਗੱਲ ਪਿੱਛੇ ਲੱਗ ਪੈਂਦੇ ਨੇ ਲੜ।

ਨੇਤਾ ਜੀ ਤਾਂ ਭਾਸ਼ਣ ਦਿੰਦੇ ਰਿਸ਼ਵਤ ਪੁਟਣੀ ਜੜ੍ਹ ਤੋਂ,
ਲੱਖ ਕਰੋੜਾਂ ਅੰਦਰੋਂ ਅੰਦਰੀਂ ਆਪ ਲੈਂਦੇ ਨੇ ਫੜ।

ਭਾਵੇਂ ਕਲਮਾਂ ਨਿੱਤ ਪੜ੍ਹਦਾ ਏ, ਨਿੱਤ ਫੇਰੇ ਉਹ ਤਸਬੀ,
ਅੰਦਰੋਂ ਅੰਦਰੀਂ ਨਫ਼ਰਤ ਅੱਗ 'ਚ ਨਿੱਤ ਉਹ ਮਰਦਾ।

ਚੰਗੀ ਜੂਨ ਹੰਢਾਉਂਦਾ ਤੱਕਾਂ ਇੱਕ ਡੇਰੇ ਦਾ ਸਾਧ,
ਚੇਲੇ ਚਾਂਟੇ ਉਸ ਬਣਾਵੇ ਸੀਸ ਵਿਹੂਣੇ ਧੜ।

ਰਤਨ ਵਰਿੰਦਰ ਸੋਚ ਜ਼ਰਾ ਤੂੰ ਜਿਹੜਾ ਕੰਮ ਤੂੰ ਕਰਦਾ,
ਦਿਲ ਦੀ ਪੁਸਤਕ ਵਿਚੋਂ ਕਿਧਰੇ ਪਾਠ-ਪ੍ਰਭੂ ਦਾ ਪੜ੍ਹ।



**ਰਤਨ ਟਾਹਲਵੀ**

*****

## ਸ਼ਬਦਾਂ ਦੇ ਸੰਜੋਗ

- ਕਿਸੇ ਦੀ ਵਡਿਆਈ ਕਰਨਾ ਤੇ ਕਿਸੇ ਨੂੰ ਪਸੰਦ ਕਰਨਾ ਇਕੋ ਜਿਹੇ ਲੱਗਦੇ ਹਨ ਪਰ ਪਸੰਦ ਕਰਨਾ ਅੰਤਰੀਵ ਭਾਵਨਾ ਹੈ ਜਦੋਂ ਕਿ ਵਡਿਆਈ ਝੂਠੀ ਵੀ ਹੋ ਸਕਦੀ ਹੈ।
- ਜਵਾਨੀ ਵਿਚ ਇਸ਼ਕ ਮਜਾਜ਼ੀ ਦਾ ਰੰਗ ਹਰ ਕੋਈ ਮਾਣਦਾ ਹੈ ਪਰ ਇਸ਼ਕ ਹਕੀਕੀ ਤੱਕ ਪਹੁੰਚ ਬਣਾਉਣੀ ਹਰ ਕਿਸੇ ਦੇ ਵਸ ਦੀ ਗੱਲ ਨਹੀਂ ਹੁੰਦੀ।
- ਜੇ ਸਾਗਰ ਨਾ ਹੋਵੇ ਤਾਂ ਨਦੀ ਦਾ ਅਹੰਕਾਰ ਨਹੀਂ ਟੁੱਟਦਾ।
- ਨੂੰਹ ਦਾ ਸਤਿਕਾਰ ਹੁੰਦਾ ਹੈ ਪਿਆਰ ਨਹੀਂ। ਧੀ ਨਾਲ ਪਿਆਰ ਹੁੰਦਾ ਸਤਿਕਾਰ ਨਹੀਂ ਪਰ ਸੁਚੱਜੀ ਨੂੰਹ ਸੱਸ-ਸਹੁਰੇ ਦਾ ਪਿਆਰ ਜਿੱਤ ਸਕਦੀ ਹੈ।
- ਸਾਡੀਆਂ ਪਥਰੀਲੀਆਂ ਅੱਖਾਂ ਪੱਥਰ ਵਿਚਲੀ ਆਤਮਾ ਨੂੰ ਨਹੀਂ ਦੇਖ ਸਕਦੀਆਂ ਪਰ ਪੱਥਰ ਵਿਚ ਆਤਮਾ ਹੋਣ ਦੇ ਪੱਕੇ ਸੰਕੇਤ ਹਨ ਕਿਉਂਕਿ ਇਹ ਸਾਰਾ ਜਗਤ ਕਿਸੇ ਚੇਤੰਨ ਪ੍ਰਮਾਤਮਾ ਦਾ ਬਣਾਇਆ ਹੈ।
- ਅਸੀਂ ਮਰਨ ਤੋਂ ਬਾਅਦ ਮਿਲਣ ਵਾਲੇ ਨਰਕਾਂ ਦੇ ਵੇਰਵੇ ਲਿਖ ਲਏ ਹਨ ਪਰ ਧਰਤੀ ਦੀ ਹਿੱਕ ਉੱਤੇ ਵਸਦੇ ਨਰਕਾਂ ਵੱਲ ਧਿਆਨ ਨਹੀਂ ਕੀਤਾ।
- ਪੈਸੇ ਵਾਲੇ ਲੋਕ ਜਦੋਂ ਆਪਸ ਵਿਚ ਬੈਠਦੇ ਹਨ ਤਾਂ ਉਹ ਗਰੀਬ ਨੂੰ ਬਾਹਰ ਪਹਿਰੇ 'ਤੇ ਬੈਠਾ ਦਿੰਦੇ ਹਨ।
- ਅਸੀਂ ਗਰੀਬ ਨੂੰ ਝਿੜਕ ਕੇ ਰੱਬ ਦਾ ਅਪਮਾਨ ਕਰਦੇ ਹਾਂ।
- ਪਰਿਵਾਰ ਨਾਲ ਜੁੜੇ ਰਹੋ ਤਾਂ ਜ਼ਿੰਦਗੀ ਨਾਲ ਜੁੜੇ ਰਹਿੰਦੇ ਹੋ ਪਰਿਵਾਰ ਨੂੰ ਛੱਡ ਦੇਵੋ ਤਾਂ ਜ਼ਿੰਦਗੀ ਤੁਹਾਨੂੰ ਛੱਡ ਦੇਵੇਗੀ।
- ਸਿਆਸਤਦਾਨ ਵੱਡੀ ਖੇਡ ਖੇਡਦੇ ਹਨ ਅਤੇ ਲੋਕਾਂ ਦਾ ਧਿਆਨ ਆਪਣੇ ਵੱਲੋਂ ਹਟਾਉਣ ਲਈ ਉਨ੍ਹਾਂ ਨੂੰ ਛੋਟੀਆਂ ਖੇਡਾਂ ਵੱਲ ਲਾ ਦਿੰਦੇ ਹਨ।

# ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ
# ਕੱਖਾਂ ਵਾਂਗੂ ਰੁੱਲ ਜਾਵੋਗੇ

# क्या यही है आधुनिकता

आज के परिवेश में आधुनिकता की परिभाषा बदलती जा रही है जिस का परिणाम बूढ़े-माँ-बाप को भुगतना पड़ता है। हर रिश्ते में एक दरार सी पड़ती जा रही है। इसी संदर्भ में आधुनिकता के रंग में रंगी औलाद का उदाहरण हमें कही ना कही देखने और सुनने को मिलता है, जो आज हमारे समाज की एक गंभीर समस्या बनती जा रही है।

एक बाप की इकलौती औलाद थी। हर गरीब लाचार बाप की तरह उसका भी बस यही अरमान था कि उसका बेटी भी एक दिन बड़ा आदमी बने। इसके लिए उसने दिन-रात एक करके अपने खून पसीने का कतरा-कतरा बहा कर पैसे जोड़े और अपने बेटे को एक अच्छे कॉलेज में पढ़ने भेज दिया, पर जब रहा न गया तो अपने बेटे को मिलने हॉस्टल पहुंचा पर वहाँ उसके कमरे के बाहर ताला लटका था। वह हॉस्टल की सीढ़ियों पर इंतजार करने लगा। आधी रात को बेटा नशे में चूर लौटा तो बाप को अनदेखा कर आगे बढ़ गया। बाप के आवाज़ देने पर लड़के के मित्र ने पूछा कि वह कौन है तो बेटे ने अग्रेज़ी में कहा, 'ही इज़ माई सरवेंट'। पर बाप ने तो जैसे स्वर्ग पा लिया। बेटे के मुंह से अंग्रेज़ी सुन कर उसे लगा कि उसका बेटा खूब मन लगाकर पढ़ रहा है और उसके लिए सम्मान व्यक्य कर रहा है, पर जिस औलाद की पढ़ाई के खर्चे के लिए अपना पेट काट-काट कर दवाई के पैसे बचाने के लिए बीमारी से तिल-तिल मरता रहा। आज वही औलाद उसे बाप तक कहने में शर्म महसूस कर रही थी। क्या सच जानकर वह जीवित रह पाता? शायद नहीं।

भाग्य की विडंबना देखिए कि जीवन में सब कुछ देने वाले, जीना सिखाने वाले माँ-बाप को बदले में औलाद से पुरस्कार में मिलते हैं - गाली, अपमान, दुत्कार, अनादर। उंगली पकड़ कर चलना सिखाने वाले को जब खुद सहारे की जरुरत पड़ती है तो सहारा देना तो दूर, आज संतान उसकी आशा की लाठी को ही उससे छीन लेती है। क्यों अपने कंधों पर उठाने वाले ही एक दिन बोझ बन जाते हैं। बदली परिस्थितिओं और पाशचात्य सभ्यता से हमें आधुनिकता का जो पाठ पढ़ रहे हैं, वह आज हमें केवल स्वार्थ सिद्धि की और ही प्रेरित करता है। हमारे अंदर आज बड़े-बूढ़ो को सम्मान देने की, उनका प्यार पाने की नहीं अपितु बड़े घरों में रहने की, अच्छा खाने-पीने, पहनने और उच्चवर्गीय समाज का अंश बनने की होड़ लगी है। हमारे लिए यही आधुनिकता है। पर एक बार फिर सोच लीजिए कि हम अपनी आने वाली पीढ़ियों को आधुनिकता का क्या पाठ पढ़ा रहे हैं? और क्या वास्तव में यही आधुनिकता है।

शायद सरकार द्वारा उठाए जाने वाले कदम-जो बच्चा अपने माँ-बाप की सेवा नहीं करता, उसे संपत्ति से बेदखल किया जा सकता है, जिससे आज के युवा वर्ग में सुधार हो।

**मिनी**

## अनमोल वचन

1. अपनी गलती मान लेना ही महान चरित्र का लक्षण है।
2. समय विपरीत होने पर धैर्य न छोड़ो।
3. प्रयत्नशील मनुष्य हमेशा आगे बता है।
4. क्रोध मूर्खता से उत्पन्न और पश्चाताय से समाप्त होता है।
5. एक अच्छी माता सौ शिक्षकों के समान है।
6. किसी व्यक्ति को इतना गरीब भी नहीं होना चाहिए कि वह दूसरों को मुस्कान रुपी उपहार भी न दे सके।
7. जिंदगी में विशेषता की बात यह नहीं कि मेरे पास क्या है? अहमयित की बात तो यह है कि मैं क्या हूँ?
8. घृणा को अपने दिल में स्थान मत दो, क्योंकि घृणा एक विष है जो सारे शुभ गुणों को नष्ट कर डालता है।

**सतेन्द्र सिंह**

**रंग फीके पड़ जाते हैं।**

**इमारतें ढह जाती हैं।**

**साम्राज्य नष्ट हो जाते हैं।**

**किन्तु ज्ञानवान शब्द सदा रहते हैं।**

# फैशन की परिभाषा

आधुनिक समय में फैशन करना हर किसी को पसंद है हर कोई खुद को मार्डन दिखाना चाहता है किंतु आजकल के युवक और युवतियाँ कुछ ऐसे ख्याल या सोच अपने दिमाग़ में पैदा कर लेते हैं जिन्हें वह अपना आदर्श और जीवन का फंडा मान लेते हैं जो हकीकत में बेमायने और भारतीय संस्कृति के खिलाफ होते है। कुछ युवक एवं युवतियाँ फैशन के सही अर्थो को समझ ही नहीं पाते और वह हर किसी के सामने अपनी अच्छी पहचान नहीं बना पाते।

फैशन की सही परिभाषा यही होनी चाहिए कि पहरावा वह हो और फैशन ऐसा हो जिसे देखकर सबको आप पर नाज हो। गर्व हो ना कि शर्म से सबकी आँखें झुक जाए। इस विषय पर पंजाबी की यह कहावत पूर्णत सच प्रतीत होती है-

**''खाओ मन भाउदां, पहनो जग भाउदां''**

इसका अर्थ है कि हमारा खान-पान सदैव हमारी पसंद का हो, जिसे खाकर हमें आनन्द अनुभव हो और हमें खुशी हो और पहरावा ऐसा हो जिसे जो भी देखे उसके मन में आप के प्रति आदर भाव जागृत हो। परंतु आजकल की कुछ लड़कियां ऐसे अंग प्रदर्शन करने वाले कपड़े पहनती है कि जिन्हें देखकर बाकी औरतों को भी शर्म आ जाएं। इस प्रकार के कपड़े पहनने वाली लड़कियों से यदि पूछा जाए तो वह कहती हैं कि वह स्वतंत्र हैं और उन्हें अपने पहरावे को चुनने का पूर्ण अधिकार प्राप्त है। किंतु अन्य पढ़ी-लिखी और विचारों को रखने वाली औरतें अपनी स्वतंत्रता को अपनी विचारधारा में होना स्वीकार करती है।

अंत: हमें फैशन को अपनी संस्कृति और अपनी पहचान को गौरवादिंत करने हेतू अपनाना चाहिए और अपनी अलग पहचान बनानी चाहिए जिस कारणवश हमें आने वाली पीढ़ियाँ अपना आदर्श माने।

**चरणजीत कौर**

## किस के दिल में क्या है?

1.माँ के दिल में-ममता
2.पिता के दिल में-कर्तव्य
3.बहन के दिल में-स्नेह
4.भाई के दिल में-प्यार
5.अमीर के दिल में-घमण्ड
6.गरीब के दिल में-दर्द
7.सज्जन के दिल में-नम्रता
8.गुरु के दिल में-ज्ञान

## शेयर

अमीर की आँख रोती है,
दिल रोता है गरीब का,
इसमें किसी का क्या दोष
सारा खेल है नसीब का॥

मेरी यादों को मुझसे मत छीनो,
यही तो मेरे जीवन का एक अंग है,
एक मेरा ही जीवन कोरा काग़ज़,
वैसे दुनियां में बहुत रंग है।

**गीतिका**

* * *

## फिर भी अभिमान नहीं है

* * *

क्या नहीं है इस धरती के पास
बहुत कुछ पाया जाता है इस धरती के पास
इसने दिया है सभी को रहने का स्थान
पर, नहीं पाया जाता इसमें अभिमान।

क्या कुछ नहीं है? गगन के पास,
यह तो है बहुत ही विशाल
सबको देता है यह छाया पानी और प्रकाश
फिर भी इसमें नहीं पाया जाता है अभिमान

पानी के पास क्या कुछ नहीं है,
है बहुत कुछ इस पानी के पास,
देता है लोगों को यह जीवन-दान,
कमल जैसे पुष्प है इसमें विद्यमान,
पर नहीं पाया जाता है इसमें अभिमान।

मानव देखो कितना नादान,
पानी के बुलबुले सी है इसकी जान,
फिर क्यूं?
इसमें विद्यमान है अभिमान।


**गुरप्रीत कौर**

**(Citrus) is a miraculous product to kill cancer cells. It is 10,000 times stronger than chemotherapy.**

# NIMBU PANI! A Cure for Cancer...

ਕਰਨਲ ਥਮਨ ਸਿੰਘ (Retd:)
ਅਨੁਵਾਦਿਕ: ਅਮਰੀਕ ਸਿੰਘ

**Amrik Singh**



Recently i learn't from one of my friends.Soak a handful of resins(Kismis or dried grapes)in fresh lime juice for about 3 days.

Eat one every morning in empty stomach and don't eat anything for an hour after that.

Keep it refrigerated in a glass or stainless steal container.

Very interesting -----

Everyone should plant lemon trees..

LISTEN UP FOLKS: This is something that we should all take seriously – just had a recent test myself that sent shivers up my spine – or near by – Even doctors are now saying that there is value in trying "LEMON"

So, a tablespoon of "real lemon" (the concentrate in a bottle) in a glass of water every morning. What can it hurt?

Institute of Health Sciences, 819 N. L.L.C. Charles Street Baltimore , MD 1201. This is the latest in medicine, effective for cancer! Read carefully and you be the judge.

Why do we not know about that? Because there are laboratories interested in making a synthetic version that will bring them huge profits.

You can now help a friend in need by letting him/her know that lemon juice is beneficial in preventing the disease. Its taste is pleasant and it does not produce the horrific effects of chemotherapy.

How many people will die while this closely guarded secret is kept, so as not to jeopardize the beneficial multi-millionaires large corporations? As you know, the lemon tree is known for its varieties of lemons and limes. You can eat the fruit in different ways: you can eat the pulp, juice press, prepare drinks, sorbets, pastries, etc...



It is credited with many virtues, but the most interesting is the effect it produces on cysts and tumors. This plant is a proven remedy against cancers of all types. Some say it is very useful in all variants of cancer. It is considered also as an anti-microbial spectrum against bacterial infections and fungi, effective against internal parasites and worms, it regulates blood pressure which is too high and as an antidepressant, combats stress and nervous disorders.

The source of this information is fascinating: it comes from one of the largest drug manufacturers in the world, says that after more than 20 laboratory tests since 1970, the extracts revealed that: It destroys the malignant cells in 12 cancers, including colon, breast, prostate, lung and pancreas ... The compounds of this tree showed 10,000 times better than the product Adriamycin, a drug normally used chemo-therapeutically in the world, slowing the growth of cancer cells. And what is even more astonishing: this type of therapy with lemon extract only destroys malignant cancer cells and it does not affect healthy cells.



# MATRIMONIAL



LOOKING FOR BEAUTIFUL GIRL FOR 31 YEARS SIKH LOBANA BOY 5’9” DOB-01.02.1992, BIRTH PLACE CHANDIGARH, FAIR COMPLEXION, EDUCATION BCA MCA, OCCUPATION SOLIDER, ROYAL BRITISH ARMY, UNITED KINGDOM (LONDON UK), FAMILY- FATHER GOVT. EMPLOYEE (BANKER), MOTHER RETD. HARYANA GOVT. EMPLOYEE, ELDER BROTHER ENGINEER, MARRIED (WORKING IN MNC GURUGRAM), NATIVE PLACE – CHANDIGARH. CONTACT: 9463765696

* * * * *

MATCH FOR 33 YEARS BOY DOB-12.03.1990, 5’5”, NON-DRINKER, B. TECH (SOFTWARE ENGINEER), FAMILY- FATHER RETIRED STORE OFFICER FROM PGI CHANDIGARH, MOTHER HOUSE WIFE, RESIDENCE AT MOHALI, PUNJAB. CONTACT: 7814237437, 7009387296

* * * * *

SEEKING BRIDE FOR SIKH LOBANA 30 YRS BOY DOB-11.11.1992, HEIGHT 6’1”, EDUCATION B.TECH MBA WORKING IN FLIPKART, FATHER RETIRED FROM ARMY AS JCO, MOTHER HOUSEWIFE, SIBLING 1 YOUNGER BROTHER WORKING IN MNC, FAMILY SETTLED IN ZIRAKPUR. CONTACT 9992358555.

* * * * *

MATCH FOR SIKH LOBANA BOY DOB MAY, 1994 HEIGHT 5’9” QUALIFICATION B.TECH IN MECH ENGG. FROM (KURUKSHETRAUNIVERSITY) POST GRADUATE IN PETROLEUM FROM NOVA SOOTIA, CANADA, OCCUPATION WORKING AS PRODUCTION ENGINEER. STATUS PR OF CANADA. FATHER BUSINESSMAN (AUTOMOBILE WORKSHOP) MOTHER TEACHER (HARYANA GOVT.), AMBALA. BROTHER MACP FROM CANADA, DOING INTERSHIP WITH UNCLE. PERMANENT CITIZEN OF US WITH WELL ESTABLISHED BUSINESS. CONTACT 9416249886

* * * * *

LOOKING FOR SUITABLE MATCH FOR 28 YEARS BOY, HEIGHT 6 FT, SIKH LOBANA B.COM, MBA, MASTER DEGREE FROM CANADA, SETTLED IN CANADA, FAMILY - FATHER RETD, MOTHER HOUSEWIFE, SISTER MARRIED, LOCATION MOHALI. CONTACT – CHARANJIT SINGH 9988513281

* * * * *

SEEKING SIMPLE AND AN EDUCATED GIRL FOR SIKH LOBANA GHOTRA 32 YEARS BOY, DOB 29.03.1991, HEIGHT 5’11”, FAIR COMPLEXION, DIPLOMA IN

ELECTRICAL ENGG. DOING PRIVATE JOB, FAMILY - FATHER PRIVATE JOB, MOTHER HOUSEWIFE AND SISTER HAPPILY MARRIED. NATIVE PLACE RAJPURA (PB). CONTACT- FATHER 9417243587, MOTHER 9915547118.

* * * * *

LOOKING MATCH FOR LOBANA SIKH GIRL DOB 03.02.1998, 5'2" TALL AND FAIR COMPLEXION, EDUCATION POST MATRICULATION IN MEDICAL STREAM AND GRADUATED IN B.SC NURSING COURSE FROM A COLLEGE IN LUDHIANA. HAVING 3 YEARS EXPERIENCE OF BEING NURSE AND CURRENTLY WORKING IN 'HOMI BHABA CANCER HOSPITAL' (MULLANPUR). FAMILY – FATHER GOVT. JOB, MOTHER HOUSEWIFE AND TWO YOUNGER BROTHERS, RESIDENCE AT CHAMKOR SAHIB. CONTACT 9417236262

* * * * *

LOOKING FOR PROFESSIONALLY QUALIFIED, PREFERBLY AMRITDHARI GIRL FOR GURSIKH-AMRITDHARI LOBANA BOY D.O.B- 23.08.1993 (29 YRS), HEIGHT -6'6", QUALIFUCATION -B. TECH (COMPUTER SCIENCE), GRADUATE DIPLOMA IN APPLIED MANAGEMENT WELL EDUCATED, PROFESSSION – WORKING AS DATA REPORTING ANALYST WITH AUCKLAND DISTRICT HEALTHBOARD, AUCKLAND-NEW ZEALAND, ANNUAL PACKAGE-NZ$1.03 LACS (RS 50.00 LACS). FAMILY -FATHER BANK MANAGER, MOTHER HOME MAKERAND YOUNGER BROTHER UNMARRIED – WORKING ABROAD IN AN MNC, OWN HOUSE IN DELHI, CASTE NO BAR, FOR MORE DETAILS PLS CONTACT- 9871096789

* * * * *

SUITABLE MATCH FOR 1992 BORN LUBANA SIKH GIRL, M.COM. (FIRST DIVISION), PH.D. (FINANCE), ASSTT. PROFESSOR IN A REPUTED COLLEGE, 5'-4".PLEASE SHARE CV, PHOTO AND CONTACT NUMBER AT EMAIL: LUBANASJ@GMAIL.COM.

* * * * *

## ਬੇਨਤੀ

ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵੱਲੋਂ ਸਨਿਮਰ ਬੇਨਤੀ ਹੈ ਕਿ ਬਰਾਦਰੀ ਵਿਚ ਬੱਚਿਆਂ ਦੇ ਵਿਆਹ-ਸ਼ਾਦੀਆਂ ਲਈ ਰਿਸ਼ਤੇ ਜੋੜਣ ਲਈ ਲੁਬਾਣਾ ਸੇਵਕ ਮੈਗਜ਼ੀਨ ਵਿਚ ਮੁਫ਼ਤ ਇਸ਼ਤਿਹਾਰ ਲਗਾਉਣ ਦਾ ਫੈਸਲਾ ਲਿਆ ਗਿਆ ਹੈ। ਬਰਾਦਰੀ ਦੇ ਸਮੂਹ ਸੱਜਣਾਂ ਨੂੰ ਬੇਨਤੀ ਹੈ ਕਿ ਉਹ ਆਪਣੇ ਵਿਆਹੁਣਯੋਗ ਬੱਚਿਆਂ ਅਤੇ ਪਰਿਵਾਰ ਦੇ ਵੇਰਵੇ ਫਾਊਂਡੇਸ਼ਨ ਦੇ ਦਫ਼ਤਰ ਭੇਜਣ ਦੀ ਕ੍ਰਿਪਾਲਤਾ ਕਰਨ।

ਅਦਾਰਾ ਲੁਬਾਣਾ ਸੇਵਕ

# ਜੂਨ ਮਹੀਨੇ ਦਾਨੀ ਸੱਜਨਾਂ ਵੱਲੋਂ ਦਿੱਤੇ ਦਾਨ ਦੀ ਸੂਚੀ

| ਲੜੀ ਨੰ: | ਨਾਮ ਤੇ ਪਤਾ | ਰਸੀਦ ਨੰ. | ਰਾਸ਼ੀ ਰੁਪਏ | ਮਿਤੀ |
|---|---|---|---|---|
| 1. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰ: 3405, ਸੈਕਟਰ-40-ਡੀ, ਚੰਡੀਗੜ੍ਹ। | 1 | 200/- | 15.06.2023 |
| 2. | ਸੂਬੇਦਾਰ ਮੇਜਰ ਜਸਪਾਲ ਸਿੰਘ, ਮੈਟੀਨੈਂਸ ਸਕੱਤਰ<br>ਮਕਾਨ ਨੰ: 18, ਏ.ਕੇ.ਐਸ. ਕਲੋਨੀ, ਜ਼ੀਰਕਪੁਰ। | 2 | 200/- | 15.06.2023 |
| 3. | ਸ੍ਰ: ਗੁਰਚਰਨ ਸਿੰਘ (ਸੀਨੀਅਰ ਵਾਇਸ ਪ੍ਰਧਾਨ)<br>ਮਕਾਨ ਨੰ: 117, ਸੈਕਟਰ-35 ਏ, ਚੰਡੀਗੜ੍ਹ। | 3 | 500/- | 15.06.2023 |
| 4. | ਸ੍ਰ: ਸੁਰਿੰਦਰ ਸਿੰਘ<br>ਮਕਾਨ ਨੰ: 3040, ਸੈਕਟਰ-47, ਚੰਡੀਗੜ੍ਹ। | 4 | 200/- | 15.06.2023 |
| 5. | ਸ੍ਰੀਮਤੀ ਨਰਿੰਦਰ ਕੌਰ<br>ਮਕਾਨ ਨੰ: 2020, ਸੈਕਟਰ 37 ਸੀ, ਚੰਡੀਗੜ੍ਹ। | 5 | 200/- | 15.06.2023 |
| 6. | ਇੰਜ. ਹਰਭਜਨ ਸਿੰਘ (ਪ੍ਰਧਾਨ)<br>ਮਕਾਨ ਨੰ: 576, ਮੋਤਾ ਸਿੰਘ ਨਗਰ, ਜਲੰਧਰ। | 6 | 1000/- | 15.06.2023 |
| 7. | ਸ੍ਰ: ਸੁਰਿੰਦਰ ਸਿੰਘ<br>ਮਕਾਨ ਨੰ: 527, ਫ਼ੇਜ਼-10, ਮੋਹਾਲੀ। | 7 | 500/- | 15.06.2023 |
| 8. | ਸ੍ਰ: ਸੁੱਖਪਾਲ ਸਿੰਘ ਜਿੰਮੀ (ਅਸਟ੍ਰੇਲਿਆ)<br>ਮਕਾਨ ਨੰ: 2354, ਫ਼ੇਸ-10, ਮੋਹਾਲੀ। | 8 | 200/- | 15.06.2023 |
| 9. | ਪੰਡਿਤ ਰਾਮ ਕੁਮਾਰ (ਕੰਟੀਨ)<br>ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ। | 9 | 500/- | 15.06.2023 |
| 10. | ਸ੍ਰ: ਭਗਤ ਸਿੰਘ (ਆਈ.ਏ.ਐਸ.)<br>ਮਕਾਨ ਨੰ: 795, ਫ਼ੇਜ਼-3 ਬੀ 1, ਮੋਹਾਲੀ। | 10 | 500/- | 15.06.2023 |
| 11. | ਪੰਡਿਤ ਰਾਮ ਕੁਮਾਰ ਕੰਟੀਨ<br>ਬ.ਮ.ਸ.ਲ. ਫ਼ਾਉਂਡੇਸ਼ਨ, ਚੰਡੀਗੜ੍ਹ। | 11 | 500/- | 25.06.2023 |
| 12. | ਸਰਦਾਰਨੀ ਹਰਪ੍ਰੀਤ ਕੌਰ<br>ਮਕਾਨ ਨੰ: 2218, ਸੈਕਟਰ-38 ਸੀ, ਚੰਡੀਗੜ੍ਹ। | 12 | 5100/- | 25.06.2023 |
| 13. | ਸ਼੍ਰ: ਗੁਰਚਰਨ ਸਿੰਘ, ਸੀਨੀਅਰ ਵਾਇਸ ਪ੍ਰਧਾਨ<br>ਮਕਾਨ ਨੰਬਰ-117, ਸੈਕਟਰ-35-ਏ, ਚੰਡੀਗੜ੍ਹ। | 13 | 2100/- | 25.06.2023 |
| 14. | ਸੂਬੇਦਾਰ ਚਰਨ ਸਿੰਘ ਮੁਲਤਾਨੀ (ਰਿਟਾ.)<br>ਮਕਾਨ ਨੰ: 3, ਸ਼ਾਂਤੀ ਵਿਹਾਰ, ਮਕਸੂਦਾਂ, ਜਲੰਧਰ। | 14 | 2100/- | 25.06.2023 |
| 15. | ਲੈਕਚਰਾਰ ਗੁਲਸ਼ਨ ਕੁਮਾਰ ਸਿੰਘ, ਵਿੱਤ ਸਕੱਤਰ<br>ਮਕਾਨ ਨੰ: -3405, ਸੈਕਟਰ-40-ਡੀ, ਚੰਡੀਗੜ੍ਹ। | 15 | 1100/- | 25.06.2023 |
| 16. | ਸ੍ਰ: ਸੁਰਿੰਦਰ ਸਿੰਘ ਰੂਬੀ (ਚੀਫ਼ ਐਡੀਟਰ)<br>ਐਚਆਈਜੀ-16,<br>ਗੁਰੂ ਗੋਬਿੰਦ ਸਿੰਘ ਐਵਨਿਊ, ਜੀ.ਟੀ. ਰੋਡ, ਜਲੰਧਰ। | 16 | 500/- | 25.06.2023 |

| | | | | |
|---|---|---|---|---|
| 17. | ਸ੍ਰ: ਜਗੀਰ ਸਿੰਘ<br>ਮਕਾਨ ਨੰ: 2258/2, ਸੈਕਟਰ-45 ਸੀ, ਚੰਡੀਗੜ੍ਹ। | 17 | 200/- | 25.06.2023 |
| 18. | ਇੰਜ: ਹਰਦੇਵ ਸਿੰਘ<br>ਸੀਨੀਅਰ ਮੈਂਟੀਨੈਂਸ ਇੰਜੀਨੀਅਰ<br>ਮਕਾਨ ਨੰ: 1747, ਫੇਜ-7, ਮੋਹਾਲੀ। | 18 | 200/- | 25.06.2023 |
| 19. | ਮੇਜਰ ਐਨ.ਐਸ. ਮੁਲਤਾਨੀ (ਰਿਟਾ.)<br>ਮਕਾਨ ਨੰ: 1089, ਫ਼ੇਸ-10, ਮੋਹਾਲੀ। | 19 | 500/- | 25.06.2023 |
| 20. | ਸ੍ਰ: ਹਰਭਜਨ ਸਿੰਘ, ਡੀ.ਆਈ.ਜੀ. (ਰਿਟਾ.)<br>ਫਲੈਟ ਨੰ: 204, ਵਾਈ ਬਲਾਕ,<br>ਫੈਲਕਨ ਵਿਉ, ਮੋਹਾਲੀ। | 20 | 1500/- | 25.06.2023 |
| 21. | ਸ੍ਰ: ਜਗਮੋਹਨ ਸਿੰਘ<br>ਮਕਾਨ ਨੰ: 390, ਸੈਕਟਰ -16, ਪੰਚਕੁਲਾ। | 21 | 2100/- | 25.06.2023 |
| 22. | ਸ਼੍ਰ: ਹਰਭਜਨ ਸਿੰਘ, ਪ੍ਰਧਾਨ<br>ਮਕਾਨ ਨੰ:-576, ਮੋਤਾ ਸਿੰਘ ਨਗਰ, ਜਲੰਧਰ। | 22 | 5100/- | 25.06.2023 |
| 23. | ਸ਼੍ਰ: ਨਰਪਿੰਦਰ ਸਿੰਘ<br>ਮਕਾਨ ਨੰ: 957, ਫੇਜ਼-10, ਮੋਹਾਲੀ। | 23 | 500/- | 25.06.2023 |
| 24. | ਸ਼੍ਰ: ਅਵਤਾਰ ਸਿੰਘ, ਡੀ.ਐਸ.ਪੀ.<br>ਮਕਾਨ ਨੰ: 17, ਰਮਨੀਕ ਨਗਰ, ਜਲੰਧਰ। | 24 | 1100/- | 25.06.2023 |
| 25. | ਕਰਨਲ ਗੁਰਦੀਪ ਸਿੰਘ<br>ਮਕਾਨ ਨੰ: 62, ਸੈਕਟਰ-71, ਮੋਹਾਲੀ। | 25 | 1000/- | 25.06.2023 |
| 26. | ਸ੍ਰ: ਐਨ.ਪੀ. ਸਿੰਘ<br>ਮਕਾਨ ਨੰ: 2249, ਸਟਾਰ ਐਨਕਲੇਵ,<br>ਸੈਕਟਰ 48 ਸੀ, ਚੰਡੀਗੜ੍ਹ। | 26 | 200/- | 25.06.2023 |
| 27. | ਸ੍ਰ: ਭਗਤ ਸਿੰਘ, ਆਈ.ਏ.ਐਸ.<br>ਮਕਾਨ ਨੰ: 795, ਫ਼ੇਜ਼-3 ਬੀ 1, ਮੋਹਾਲੀ। | 27 | 11000/- | 25.06.2023 |
| 28. | ਸ੍ਰ: ਜਗੀਰ ਸਿੰਘ<br>ਮਕਾਨ ਨੰ: 275, ਸੈਕਟਰ-51, ਚੰਡੀਗੜ੍ਹ। | 28 | 1100/- | 25.06.2023 |
| 29. | ਇੰਜ: ਕੁਲਬੀਰ ਸਿੰਘ, ਐਸ.ਈ. (ਰਿਟਾ.)<br>ਮਕਾਨ ਨੰ:139, ਸੈਕਟਰ-70, ਮੋਹਾਲੀ। | 29 | 500/- | 25.06.2023 |
| 30. | ਬੀਬੀ ਨਰਿੰਦਰ ਕੌਰ<br>ਮਕਾਨ ਨੰ: 2020, ਸੈਕਟਰ-37 ਸੀ, ਚੰਡੀਗੜ੍ਹ। | 30 | 500/- | 25.06.2023 |
| 31. | ਸ੍ਰ: ਬਲਵਿੰਦਰ ਸਿੰਘ ਮੁਲਤਾਨੀ<br>ਮਕਾਨ ਨੰ: 541, ਫੇਜ਼-3, ਮੋਹਾਲੀ। | 31 | 500/- | 25.06.2023 |
| 32. | ਸ੍ਰ: ਜਗਬੀਰ ਸਿੰਘ<br>ਸੈਕਟਰ-125, ਵੈਸਟ੍ਰਨ ਹੋਮਜ਼, ਖਰੜ। | 32 | 500/- | 25.06.2023 |
| 33. | ਸ੍ਰ: ਨਰਿੰਦਰ ਸਿੰਘ, ਪੀ.ਈ.ਐਸ. (ਰਿਟਾ.)<br>ਮਕਾਨ ਨੰ: 7113, ਸੈਕਟਰ-125,<br>ਸਨੀ ਐਨਕਲੇਵ, ਮੋਹਾਲੀ। | 33 | 500/- | 25.06.2023 |

| | | | | |
|---|---|---|---|---|
| 34. | ਸ੍ਰ: ਨਦਰ ਸਿੰਘ<br>175, ਓਮੈਕਸ, ਪਟਿਆਲਾ। | 34 | 200/- | 25.06.2023 |
| 35. | ਸ੍ਰ: ਚਰਨਜੀਤ ਸਿੰਘ ਲੁਬਾਣਾ<br>ਐਚ.ਐਲ.-600, ਫ਼ੇਜ਼-9, ਮੋਹਾਲੀ। | 35 | 500/- | 25.06.2023 |
| 36. | ਸ੍ਰ: ਸੁਰਿੰਦਰ ਸਿੰਘ<br>ਮਕਾਨ ਨੰ: 3040, ਸੈਕਟਰ-47 ਡੀ, ਚੰਡੀਗੜ੍ਹ। | 36 | 200/- | 25.06.2023 |
| 37. | ਸ੍ਰ: ਪਰਮਜੀਤ ਸਿੰਘ<br>ਮਕਾਨ ਨੰ: 373, ਸੈਕਟਰ-86, ਮੋਹਾਲੀ।<br>(ਮਾਤਾ-ਪਿਤਾ ਦੀ ਯਾਦ ਵਿੱਚ) | 37 | 500/- | 25.06.2023 |
| 38. | ਬੀਬੀ ਮੰਜੂ ਮਾਨਕ ਮੁਲਤਾਨੀ<br>ਮਕਾਨ ਨੰ: 114, ਸੈਕਟਰ-33 ਏ, ਚੰਡੀਗੜ੍ਹ। | 38 | 1100/- | 25.06.2023 |
| 39. | ਸ੍ਰ: ਰਵੇਲ ਸਿੰਘ<br>ਮਕਾਨ ਨੰ: 125, ਸੈਕਟਰ-45 ਏ, ਚੰਡੀਗੜ੍ਹ। | 39 | 1000/- | 25.06.2023 |
| 40. | ਸ੍ਰ: ਨਰਪਿੰਦਰ ਸਿੰਘ<br>ਮਕਾਨ ਨੰ: 957, ਫ਼ੇਜ਼-10, ਮੋਹਾਲੀ। | 40 | 500/- | 25.06.2023 |
| 41. | ਸ੍ਰ: ਕਸ਼ਮੀਰ ਸਿੰਘ ਮੁਲਤਾਨੀ<br>ਮਕਾਨ ਨੰ: 197, ਜਵਾਲਾ ਨਗਰ, ਜਲੰਧਰ। | 41 | 200/- | 25.06.2023 |
| 42. | ਸ੍ਰ: ਲਖਵਿੰਦਰ ਸਿੰਘ ਘੋਤੜਾ<br>ਮਕਾਨ ਨੰ: 4475, ਸੈਕਟਰ-68,<br>ਦਰਸ਼ਨ ਵਿਹਾਰ, ਮੋਹਾਲੀ। | 42 | 500 | 25.06.2023 |

## ਅਪੀਲ

ਵੇਖਣ ਵਿਚ ਆਇਆ ਹੈ ਕਿ ਬਹੁਤ ਸਾਰਿਆਂ ਸੱਜਣਾਂ ਨੂੰ 'ਲੁਬਾਣਾ ਸੇਵਕ' ਮੈਗਜ਼ੀਨ ਸਮੇਂ ਸਿਰ ਪ੍ਰਾਪਤ ਨਹੀ ਹੁੰਦਾ। ਇਸ ਕਰਕੇ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪੂਰੇ ਪਤੇ ਸਮੇਤ ਆਪਣੇ ਇਲਾਕੇ ਦੇ ਡਾਕਖਾਨੇ ਦਾ ਪਿੰਨ ਕੋਡ, ਫੋਨ, ਈਮੇਲ ਜਾਂ ਡਾਕ ਰਾਹੀਂ ਦਫਤਰ ਵਿਚ ਸੂਚਿਤ ਕਰੋ ਜੀ। ਬਾਬਾ ਮੱਖਣ ਸ਼ਾਹ ਲੁਬਾਣਾ ਭਵਨ, ਸੈਕਟਰ-30-ਏ, ਚੰਡੀਗੜ੍ਹ 160030, ਫੋਨ ਨੰ.-0172-2657340, E-mail : lobanafoundation@gmail.com

ਪ੍ਰਧਾਨ - ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ

**ਲੁਬਾਣਾ ਸੇਵਕ ਦੇ ਪਾਠਕ ਅਤੇ ਸਮੂਹ ਫਾਊਂਡੇਸ਼ਨ ਮੈਂਬਰ bmslchd.org & lobanafoundation.org ਵੈੱਬਸਾਈਟ 'ਤੇ ਵੀ ਹਰ ਮਹੀਨੇ ਦਾ ਲੁਬਾਣਾ ਸੇਵਕ ਮੈਗਜ਼ੀਨ ਪੜ੍ਹ ਸਕਦੇ ਹਨ।**

# ਮਿਤੀ 25-06-2023 ਨੂੰ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 73ਵੀਂ ਬਰਸੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਮਨਾਈ ਗਈ


















Congratulations to Er. Harbir Singh Multani on promotion as Chief Engineer in Punjab Pollution Control Board (PPCB). His ancestors Great Grand Father Dr. Sunder Singh was a renowned personality of Labana Community. Er. Harbir Singh from very humble and noble family as his father S. Kulbir Singh and Grand Father S. Sohan Singh well known personalities of Society. His Father-in-Law Er. Harbhajan Singh Deputy Chief Engineer (Retd.) is presently President of Baba Makhan Shah Lubana Foundation Chandigarh and its his second term as President of BMSL Foundation. Er. Harbir Singh has decent family Wife Mrs Gursharan Kaur, Daughter Dr. Mankeerat Kaur M.D. and Son Er. Ranbir Singh USA. Congratulations to whole family of Er. Harbir Singh Multani Chief Engineer Punjab Pollution Control Board.

**Editor Er. Bhagwan Singh Lubana**

# ਮਿਤੀ 25-06-2023 ਨੂੰ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇ ਵਾਲਿਆਂ ਦੀ 73ਵੀਂ ਬਰਸੀ ਬਾਬਾ ਮੱਖਣ ਸ਼ਾਹ ਲੁਬਾਣਾ ਫਾਊਂਡੇਸ਼ਨ (ਰਜਿ.) ਚੰਡੀਗੜ੍ਹ ਵਿਖੇ ਸ਼ਰਧਾਪੂਰਵਕ ਮਨਾਈ ਗਈ





